ਇਹ ਸਮਾਂ ਦਸਿਆ ਹੈ। ਬੱਸ, ਇਸ ਤਰ੍ਹਾਂ ਦੇ ਇਸ਼ਾਰੇ ਪੁਰਾਤਨ ਸੰਸਕ੍ਰਿਤ ਗ੍ਰੰਥ ਵਿੱਚ ਜ਼ਰੂਰ ਮਿਲਦੇ ਹਨ ਕਿ ਉਸ ਵੱਡੇ ਪ੍ਰਮਾਤਮਾ ਦੀ ਮਰਜ਼ੀ ਹੋਈ। ਯਾਨੀ ਇੱਛਾ ਹੋਈ ਕਿ ਮੈਂ ਸ਼ੁੰਨ ਕਲਾ ਤੋਂ ਅਨੇਕਾਂ ਰੂਪ ਹੋਵਾਂ।

ਤੇ ਤਿਰੀਯਾ ਉਪਨਿਸ਼ਦ ਦਾ ਕਹਿਣਾ ਹੈ —

ਸੋ ਕਾਮਯਤ ਏਕੋ ਹੂੰ ਬਹੂ ਸਿਆਮ॥ *(ਤੈਤਿਰੀਯਾ ਉਪਨਿਸ਼ਦ)*

ਭਾਵ ਕਿ ਪ੍ਰਭੂ ਨੂੰ ਫੁਰਨਾ ਫੁਰਿਆ ਕਿ ਮੈਂ ਇਕ ਤੋਂ ਅਨੇਕਾਂ ਰੂਪ ਹੋਵਾਂ? ਇਹ ਫੁਰਨਾ ਉਸ ਦਾ ਤਤਕਾਲ ਹੀ ਪੂਰਾ ਹੋਇਆ। ਇਹ ਵਿਚਾਰ ਹਿੰਦੂ ਸੰਸਕ੍ਰਿਤੀ ਹੀ ਨਹੀਂ ਦਰਸਾਉਂਦੀ! ਬਲਕਿ ਇਸਾਈਅਤ ਵੀ ਇਨ੍ਹਾਂ ਹੀ ਵਿਚਾਰਾਂ ਨਾਲ ਸਹਿਮਤ ਹੈ। ਇਸਾਈ ਮੱਤ ਦੀ ਪਵਿੱਤਰ ਪੁਸਤਕ "ਬਾਈਬਲ" ਵਿੱਚ ਵੀ, ਪ੍ਰਭੂ ਦੀ ਸਵੈ-ਇੱਛਾ ਦਾ ਜ਼ਿਕਰ ਹੈ —

There was none but God.
God said, let there be light
and there was light. *(Bible)*

ਭਾਵ ਕਿ ਪ੍ਰਮਾਤਮਾ ਤੋਂ ਇਲਾਵਾ ਉਦੋਂ ਉਥੇ ਹੋਰ ਕੋਈ ਨਹੀਂ ਸੀ। ਪ੍ਰਭੂ ਨੇ ਸ੍ਰਿਸ਼ਟੀ ਸਿਰਜਨਾ ਕਰਨ ਦੀ ਇੱਛਾ ਪ੍ਰਗਟ ਕੀਤੀ। ਫਿਰ ਤਤਛਿਨ ਹੀ ਪ੍ਰਭੂ ਦੀ ਇਸ ਇੱਛਾ ਅਨੁਸਾਰ ਸਾਰਾ ਵਰਤਮਾਨ ਸੰਸਾਰ ਹੋਂਦ ਵਿਚ ਆਇਆ। (ਬਾਇਬਲ)

ਇਸ ਤਰ੍ਹਾਂ ਹੀ ਹੋਰ ਜਿੰਨੇ ਸੂਫ਼ੀ ਸੰਤ, ਮਹਾਪੁਰਖ ਹੋਏ ਹਨ। ਉਹ ਵੀ ਇਸੇ ਵਿਚਾਰਧਾਰਾ ਨਾਲ ਸਹਿਮਤ ਹਨ।

ਇਸਲਾਮ ਦੇ ਪਵਿੱਤਰ ਗ੍ਰੰਥ "ਕੁਰਾਨ ਸ਼ਰੀਫ਼" ਵਿਚ ਅਲਾਹ, ਪਾਕਿ ਦੀ ਸਵੈ-ਇੱਛਾ ਦਾ ਜ਼ਿਕਰ ਇਸ ਤਰ੍ਹਾਂ ਹੈ ਕਿ "**ਖ਼ੁਦਾ ਪਾਕ**" ਨੇ ਕਿਹਾ, "**ਕੁੱਨ**"!

ਭਾਵ ਕਿ "**ਹੋ ਜਾ**" ! ਤਤ ਛਿਨ ਹੀ "**ਕੁੱਨ**"। ਸ਼ਬਦ ਤੋਂ "**ਫ਼ੀਏ ਕੁੱਨ**! "ਭਾਵ ਕਿ ਸਭ ਸ੍ਰਿਸ਼ਟੀ ਹੋ ਗਈ"! ਇਹ ਪਸਾਰਾ ਪਸਰ ਗਿਆ।

ਇਸ ਸ੍ਰਿਸ਼ਟੀ ਨੂੰ **ਸਿਰਜਨ** ਦਾ ਫੁਰਨਾ, ਪ੍ਰਭੂ ਨੂੰ ਕਦੋਂ ਫੁਰਿਆ ਯਾਨੀ ਸਵੈ-ਇੱਛਾ ਕਦੋਂ **ਹੋਈ ਕਿ** ਮੈਂ ਇਕ ਤੋਂ ਅਨੇਕਾਂ ਹੋਵਾਂ? ਇਸ ਬਾਰੇ ਕੋਈ ਤਾਰੀਖ਼, ਦਿਨ, **ਵਾਰ ਕਿਸੇ** ਨੇ ਕੁਝ ਨਹੀਂ ਦਸਿਆ। ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ **ਕਿ ਜੇਕਰ** ਸਮੇਂ ਦੀ ਕੋਈ ਤਿਥਿ ਹੁੰਦੀ ਤਾਂ ਉਹ

ਕਿਸੇ ਬ੍ਰਹਮਾ ਵਰਗੇ ਪੰਡਿਤ ਨੇ ਪੁਰਾਨਾਂ ਵਿੱਚ ਉਲੇਖ (ਜ਼ਿਕਰ) ਕਰਨਾ ਸੀ।

ਨਹੀਂ ਤਾਂ 'ਹਜ਼ਰਤ ਮੁਹੰਮਦ' ਸਾਹਿਬ ਦੀਆਂ ਪਵਿੱਤਰ ਆਇਤਾਂ ਜੋ ਕੁਰਾਨ ਸ਼ਰੀਫ਼ ਵਿੱਚ ਦਰਜ ਹਨ। ਕਿਸੇ ਕਾਜ਼ੀ ਮੌਲਵੀ ਨੇ ਕੁਰਾਨ ਦੀ ਪਵਿੱਤਰ ਪੁਸਤਕ ਵਿੱਚ ਲਿਖ ਦੇਣਾ ਸੀ। ਦਰਅਸਲ ਉਸ ਪ੍ਰਭੂ ਨੇ ਰਚਨਾ ਕਦੋਂ ਰਚੀ? ਇਸ ਬਾਰੇ ਕੁਝ ਜਾਣਿਆ ਹੀ ਨਹੀਂ ਜਾ ਸਕਦਾ। ਜੇ ਜਾਣਿਆ ਜਾ ਸਕਦਾ ਹੋਵੇ ਤਾਂ ਕਿਸੇ ਸ਼ਿਵ ਜੀ ਵਰਗੇ ਮਹਾਨ ਯੋਗੀ ਨੇ ਅੰਤਰ ਧਿਆਨ ਹੋ ਕੇ ਜਾਣ ਲੈਣਾ ਸੀ। ਬੱਸ, ਉਸ ਪ੍ਰਭੂ ਨੇ ਜਦੋਂ ਰਚਨਾ ਕੀਤੀ ਹੈ। ਉਹ ਆਪ ਹੀ ਜਾਣਦਾ ਹੈ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਵਿਚਾਰ ਨੂੰ ਹੀ ਉਜਾਗਰ ਕੀਤਾ ਹੈ—

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ *(ਪੰਨਾ ੪)*

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ —

ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ *(ਪੰਨਾ ੨੮੫)*

ਸਪਸ਼ਟ ਗੱਲ ਹੈ ਕਿ ਜੇ ਪ੍ਰਭੂ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤਾਂ ਉਹੀ ਨਿਸ਼ਚੇ ਜਾਣਦਾ ਹੈ ਕਿ ਪ੍ਰਭੂ ਨੇ ਕਦੋਂ ਤੋਂ ਇਹ ਸਿਰਜਨਾ ਸਾਜੀ ਹੈ। ਜਿਵੇਂ ਇਕ ਪਿਤਾ ਤਾਂ ਜਾਣਦਾ ਹੈ ਕਿ ਬੱਚੇ ਦਾ ਜਨਮ ਕਿਵੇਂ ਤੇ ਕਦੋਂ ਹੋਇਆ ਹੈ? ਪਰ

ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥
ਸਗਲ ਪਰੋਈ ਅਪੁਨੈ ਸੂਤਿ ॥ *(ਪੰਨਾ ੨੮੪)*

ਉਹ ਪ੍ਰਭੂ ਕਰਤਾ ਪੁਰਖ ਹੈ। ਸਾਰਾ ਸੰਸਾਰ ਕ੍ਰਿਤ ਹੈ। ਕ੍ਰਿਤ, ਕਰਤੇ ਬਾਰੇ ਕੁਝ ਨਹੀਂ ਜਾਣ ਸਕਦੀ। ਜਿਵੇਂ ਇਕ ਮਾਲਕ ਆਪਣਾ ਮਕਾਨ ਬਣਾਉਣ ਲਗਦਾ ਹੈ ਅਤੇ ਨਾ ਹੀ ਉਹ ਮਕਾਨ ਨੂੰ ਪੁੱਛਦਾ ਹੈ ਕਿ ਤੂੰ ਬਣਨਾ ਚਾਹੁੰਦਾ ਹੈਂ ਕਿ ਨਹੀਂ? ਨਾ ਹੀ, ਮਕਾਨ ਨੂੰ ਪਤਾ ਹੁੰਦਾ ਹੈ ਕਿ ਮੈਂ ਬਣ ਰਿਹਾ ਹਾਂ।

ਬੱਸ ਠੀਕ ਇਸ ਤਰ੍ਹਾਂ ਹੀ ਪ੍ਰਭੂ ਕਰਦਾ ਹੈ। ਉਹ ਸ੍ਰਿਸ਼ਟੀ ਬਨਾਉਣ ਲੱਗਿਆਂ, ਸ੍ਰਿਸ਼ਟੀ ਨੂੰ ਪੁਛਦਾ ਨਹੀਂ ਕਿ ਤੂੰ ਬਣਨਾ ਚਾਹੁੰਦੀ ਹੈਂ ਕਿ ਨਹੀਂ?

ਬੱਸ ਉਹ ਪ੍ਰਭੂ ਸ੍ਰਿਸ਼ਟੀ ਰਚ ਦੇਂਦਾ ਹੈ। ਨਾ ਹੀ ਸ੍ਰਿਸ਼ਟੀ ਨੂੰ ਪਤਾ ਹੁੰਦਾ ਹੈ ਕਿ ਮੈਂ ਹੁਣ ਬਣ ਰਹੀ ਹਾਂ। ਹੁਣ ਮੇਰਾ ਵਿਨਾਸ਼ ਹੋਣ ਵਾਲਾ ਹੈ। ਪ੍ਰਭੂ ਆਪਣੇ ਸ਼ਬਦ ਦੁਆਰਾ ਸੰਸਾਰ ਦਾ ਵਿਸਥਾਰ ਕਰਦਾ ਹੈ। ਫਿਰ ਸ਼ਬਦ ਵਿਚ ਹੀ ਸਮੋ ਲੈਂਦਾ ਹੈ। ਗੁਰੂ ਅਮਰ ਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ —

ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥ *(ਪੰਨਾ ੧੧੭)*

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਸਾਰੀ ਸ੍ਰਿਸ਼ਟੀ ਉਸ ਆਦਿ ਪਰਮ ਸਤਿ ਸਰੂਪ ਪ੍ਰਭੂ ਦੀ ਸਵੈ-ਇੱਛਾ ਅਨੁਸਾਰ ਪ੍ਰਗਟ ਹੋਈ ਹੈ। ਉਹ ਆਪਣੀ ਮਰਜ਼ੀ ਨਾਲ ਹੀ ਸ੍ਰਿਸ਼ਟੀ ਦਾ ਵਿਸਥਾਰ ਕਰਦਾ ਹੈ। ਆਪਣੀ ਮਰਜ਼ੀ ਨਾਲ ਹੀ ਆਪਣੇ ਸ਼ਬਦ ਸਰੂਪ ਵਿੱਚ ਸਮੋ ਲੈਂਦਾ ਹੈ। ਯਾਨੀ ਕਿ ਲੀਨ ਕਰ ਲੈਂਦਾ ਹੈ। ਗੁਰਦੇਵ ਦਾ ਕਥਨ ਹੈ —

ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥
ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥
(ਪੰਨਾ ੨੮੪)

ਸਭ ਅਧਿਆਤਮਕ ਵਿਚਾਰਵਾਨਾਂ ਅਤੇ ਅਧਿਆਤਮਕ ਗ੍ਰੰਥਾਂ ਦੀ ਇਕ ਵਿਚਾਰ ਬੜੇ ਗਹਿਰੇ ਰੂਪ ਵਿਚ ਸਰਬ ਸਾਂਝੀ ਵਿਚਾਰ ਹੈ। ਗੁਰਮਤਿ ਦੀ ਵਿਚਾਰ ਹੈ ਕਿ ਓਅੰਕਾਰ ਸ਼ਬਦ, ਅਨਾਦਿ ਸ਼ਬਦ ਹੈ। ਇਸੇ ਸ਼ਬਦ ਨੂੰ ਹੀ ਨਿਰੰਕਾਰ ਕਿਹਾ ਗਿਆ ਹੈ। ਇਹ ਇਕ ਨਿਰੰਤਰ ਧੁਨੀ ਹੈ। ਇਹ ਓਅੰਕਾਰ ਹੀ 'ਸ਼ਬਦ' ਸਰੂਪ ਹੋ ਕੇ ਸਾਰੀ ਕਾਇਨਾਤ ਵਿੱਚ ਸਮਾਇਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ —

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥ *(ਪੰਨਾ ੯੨੯)*

ਗੁਰੂ ਅਮਰਦਾਸ ਜੀ ਮਹਾਰਾਜ ਦਾ ਕਹਿਣਾ ਹੈ ਕਿ ਓਅੰਕਾਰ ਤੋਂ ਹੀ ਸਾਰੀ ਸ੍ਰਿਸ਼ਟੀ ਬਣੀ ਹੈ। ਯਾਨੀ ਕਿ ਪੈਦਾ ਹੋਈ ਹੈ। ਇਹ ਸਾਰਾ ਜੋ ਸੰਸਾਰ ਦਾ ਪਸਰਿਆ ਹੋਇਆ ਜੋ ਇਕ ਖੇਲ ਤਮਾਸ਼ਾ ਦਿਸਦਾ ਹੈ। ਇਹ ਸਾਰਾ ਓਅੰਕਾਰ ਦੀ ਹੀ ਵਡਿਆਈ ਦਾ ਤਮਾਸ਼ਾ ਹੈ। ਇਸ ਤਮਾਸ਼ੇ ਦੀ ਡੋਰ ਓਅੰਕਾਰ ਹੀ ਹੈ।

ਓਅੰਕਾਰਿ ਸਭ ਸ੍ਰਿਸਟਿ ਉਪਾਈ ॥
ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ *(ਪੰਨਾ ੧੦੬੧)*

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਵੀ ਇਹ ਵਿਚਾਰ ਹੈ ਕਿ —

ਓਅੰਕਾਰਿ ਉਤਪਾਤੀ॥
ਕੀਆ ਦਿਨਸੁ ਸਭ ਰਾਤੀ॥ *(ਪੰਨਾ ੧੦੦੩)*

ਓਅੰਕਾਰ, ਆਦਿ ਸਰੂਪ ਧੁਨੀ ਹੈ। ਜਿਸਨੂੰ ਸਿਰਫ਼ ਆਪਣੇ ਆਪ ਵਿਚੋਂ ਸੁਣਿਆ ਜਾ ਸਕਦਾ ਹੈ। ਗੁਰਮਤਿ ਦੀ ਇਸ ਵਿਚਾਰਧਾਰਾ ਨਾਲ ਸਨਾਤਨ ਵੈਦਿਕ ਗ੍ਰੰਥ ਵੀ ਸਹਿਮਤ ਹਨ। ਉਪਨਿਸ਼ਦ ਵੀ ਇਸ ਉਪਦੇਸ਼ ਦੀ ਹਾਮੀ ਭਰਦੇ ਹਨ। ਰਿਗ ਵੇਦ ਦਾ ਕਥਨ ਹੈ —

"ਸਰਵਮੋਂਕਾਰ ਏਵ" *(ਰਿਗ ਵੇਦ)*

ਭਾਵ ਕਿ ਸਭ ਕੁਛ ਓਅੰਕਾਰ ਹੀ ਹੈ।

ਨਾਰਦ ਪਰਿਵ੍ਰਾਜ਼ਕੋਪਨਿਸ਼ਦ ਦੇ ਅਸਟਮੋਪਦੇਸ਼ ਦੇ ਦੂਜੇ ਸਲੋਕ ਵਿਚ ਕਿਹਾ ਹੈ ਕਿ —

"ਓਮਿਤਿ ਬ੍ਰਹਮ"

ਭਾਵ ਕਿ ਓਮ ਬ੍ਰਹਮ ਹੈ।

"ਮਾਡੂਕਯੋਪਨਿਸ਼ਦ" ਦੇ ਪਹਿਲੇ ਸਲੋਕ ਵਿਚ ਕਿਹਾਂ ਹੈ —

"ਓਮਿਤਯੇਤਦਕਸਰਮਿਦੰ॥"

ਭਾਵ ਕਿ ਉਹ ਅਬਿਨਾਸੀ ਪ੍ਰਭੂ ਦਾ ਨਾਮ ਓਅੰਕਾਰ ਹੈ।

ਗੁਰਮਤਿ ਜਿਸ ਓਅੰਕਾਰ ਨੂੰ—

"ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥"

ਕਹਿੰਦੀ ਹੈ। ਇਸਲਾਮ ਦੀ ਸ਼ਬਦਾਵਲੀ ਵਿੱਚ ਉਸ ਨੂੰ—

ਮਸੱਬੀਬ-ਅਲ-ਅਸਬਾਬ॥ ਆਖਿਆ ਹੈ।

ਇਸਲਾਮ ਦੇ ਬ੍ਰਹਮ ਵੇਤਾ ਪੁਰਸ਼ਾਂ ਅਨੁਸਾਰ, "ਬ੍ਰਹਮ ਗਿਆਨੀ ਮਹਾਪੁਰਖ" ਜਦੋਂ ਗੁਰ ਮੰਤਰ ਅਭਿਆਸ ਕਰਦਾ ਹੈ ਤਾਂ ਪੂਰਨ ਸਫਲਤਾ ਤੋਂ ਉਪਰੰਤ ਉਸ ਨੂੰ ਆਪਣੇ ਅੰਦਰੋਂ ਜੋ ਅਨਹਦ ਅਵਾਜ਼ ਸੁਣਦੀ ਹੈ। ਉਹ ਉਸ ਨੂੰ "ਓਮੀਨ" ਕਹਿੰਦੇ ਹਨ। **ਓਮੀਨ, ਓਮ ਅਤੇ ਓਅੰਕਾਰ**, ਇਹ ਸਾਰੇ ਸ਼ਬਦ ਆਪਣਾ ਧੁਨਾਤਮਿਕ ਸਬੰਧ ਇਕੋ ਜਿਹਾ ਹੀ ਰਖਦੇ ਹਨ।

ਭਾਰਤ ਵਿਚ ਚਾਰ ਪ੍ਰਕਾਰ ਦੇ ਮਜ਼ਬ ਹਨ। ਇਨ੍ਹਾਂ ਚੌਹਾਂ ਦਾ ਹੀ ਆਪਸ ਵਿਚ ਬੜਾ ਮਤ ਭੇਦ ਵੀ ਹੈ ਅਤੇ ਝਗੜਾ ਵੀ ਹੈ। ਇਹ ਚਾਰ ਮਜ਼ਬ ਇਹ ਹਨ। ਹਿੰਦੂ, ਜੈਨ, ਬੁਧ ਅਤੇ ਸਿੱਖ। ਇਨ੍ਹਾਂ ਵਿਚ ਅਨੇਕਾਂ ਮਜ਼ਬੀ ਅਸੂਲਾਂ ਕਰਕੇ ਮਤਭੇਦ ਹਨ। ਪਰ ਓਅੰਕਾਰ ਦੇ ਸਬੰਧ ਵਿਚ ਕੋਈ ਮਤਭੇਦ

ਨਹੀਂ ਹੈ। ਸਭ ਸਹਿਮਤ ਹਨ।

ਗੁਰਮਤਿ ਓਅੰਕਾਰ ਕਹਿੰਦੀ ਹੈ। ਹਿੰਦੂ ਮੱਤ ਵਾਲੇ **"ਓਮ-ਤਤ-ਸੱਤ"** ਕਹਿੰਦੇ ਹਨ। ਇਹ ਵੀ ਓਅੰਕਾਰ ਦਾ ਹੀ ਰੂਪ ਹੈ। ਜੈਨ ਤੇ ਬੁੱਧ ਮੱਤ ਦੇ ਲੋਕ "ਓਮ" ਸ਼ਬਦ ਦਾ ਪ੍ਰਯੋਗ ਕਰਦੇ ਹਨ। ਇਹ ਇਕ ਇਸ ਤਰ੍ਹਾਂ ਦਾ ਸ਼ਬਦ ਹੈ ਜੋ ਕਿਸੇ ਸੰਪਰਦਾ ਨਾਲ ਸਬੰਧ ਨਹੀਂ ਰਖਦਾ। ਬਾਕੀ ਸ਼ਬਦ ਤੇ ਸੰਪਰਦਾਇਕ ਝਗੜੇ ਹਨ। "ਬ੍ਰਹਮ" ਸ਼ਬਦ ਦਾ ਉਪਯੋਗ ਜੈਨ ਮੱਤ ਨਹੀਂ ਕਰਦਾ। "ਆਤਮਾ" ਸ਼ਬਦ ਦਾ ਉਪਯੋਗ ਬੁੱਧ ਮੱਤ ਨਹੀਂ ਕਰਦਾ। ਪਰ ਓਮ, ਓਅੰਕਾਰ ਜਾਂ ਓਮੀਨ, ਸ਼ਬਦ ਲਈ ਇਤਰਾਜ਼ ਨਹੀਂ ਕਰਦਾ। ਇਨ੍ਹਾਂ ਸ਼ਬਦਾਂ ਨੂੰ ਆਦਿ ਸ਼ਬਦ ਮੰਨਿਆ ਜਾਂਦਾ ਹੈ।

ਇਸੇ ਤਰ੍ਹਾਂ ਹੀ ਇਸਾਈ, ਇਸਲਾਮ ਅਤੇ ਯਹੂਦੀ ਇਹ ਤਿੰਨੇ ਮਜ਼੍ਹਬ ਭਾਰਤ ਵਿਚ ਪੈਦਾ ਨਹੀਂ ਹੋਏ। ਭਾਵੇਂ ਹੋਂਦ ਭਾਰਤ ਵਿੱਚ ਹੈ। ਇਨ੍ਹਾਂ ਦਾ ਪ੍ਰਚਾਰ ਵੀ ਭਾਰਤ ਵਿਚ ਬੜਾ ਰਿਹਾ ਹੈ। ਤਿੰਨੇ ਹੀ ਮਜ਼੍ਹਬਾਂ ਦੀ ਪੈਦਾਇਸ਼ ਭਾਰਤ ਤੋਂ ਬਾਹਰ ਅਰਬ ਦੇਸ਼ਾਂ ਵਿੱਚ ਹੈ। ਆਦਿ ਸ਼ਬਦ "ਓਮ, ਓਅੰਕਾਰ ਅਤੇ ਓਮੀਨ ਬਾਰੇ ਉਹ ਵੀ ਯਕੀਨ ਕਰਦੇ ਹਨ ਕਿ ਇਹ ਇਕ ਆਦਿ ਧੁਨ ਹੈ। ਜਿਸ ਨੂੰ ਧਿਆਨੰਤਰ ਹੋ ਕੇ ਅੰਤਸ਼ਕਰਣ ਤੋਂ ਸੁਣਿਆ ਜਾ ਸਕਦਾ ਹੈ।

ਓਮ, ਓਅੰਕਾਰ ਅਤੇ ਓਮੀਨ, ਦਰਅਸਲ ਅਲੱਗ ਅਲੱਗ ਤਿੰਨ ਸ਼ਬਦ ਨਹੀਂ ਹਨ। ਇਹ ਇਕ ਸ਼ਬਦ ਹੈ। ਜਿਸ ਨੂੰ ਤਿੰਨ੍ਹ ਪ੍ਰਕਾਰ ਦੇ ਲੋਕਾਂ ਨੇ ਸੁਣਿਆਂ ਹੈ।

ਜਿਵੇਂ– ਇਕ ਰੇਲ ਗੱਡੀ ਵਿਚ ਤਿੰਨ ਮੁਸਾਫ਼ਰ ਸਫ਼ਰ ਕਰ ਰਹੇ ਹੋਣ। ਇਕ ਮੁਸਾਫ਼ਰ ਆਖੇ ਕਿ ਰੇਲ ਗੱਡੀ ਦੇ ਇੰਜਣ ਦੀ ਅਵਾਜ਼ ਛਕ; ਛਕ ਹੈ। ਦੂਜਾ ਆਖੇ ਨਹੀਂ! ਭੱਕ-ਭੱਕ ਹੈ। ਤੀਜਾ ਆਖੇ ਨਹੀਂ! ਮੇਰੇ ਕੰਨਾਂ ਨਾਲ ਸੁਣੋ? ਰੇਲ ਦੇ ਇੰਜਣ ਦੀ ਅਵਾਜ਼ ਧੱਕ ਧੱਕ ਹੈ। ਦਰਅਸਲ ਅਵਾਜ਼ ਇਕ ਹੀ ਹੈ। ਜਦੋਂ ਉਸ ਨੂੰ ਬਹੁਤੇ ਪ੍ਰਕਾਰ ਦੇ ਲੋਕਾਂ ਨੇ ਸੁਣਿਆ ਹੈ, ਤਾਂ ਲਫ਼ਜ਼ਾਂ ਵਿਚ ਅੰਤਰ ਆ ਗਿਆ ਹੈ।

ਬੱਸ ਇਵੇਂ ਹੀ ਓਮ, ਓਅੰਕਾਰ ਅਤੇ ਓਮੀਨ ਸ਼ਬਦ, ਇਕ ਹੀ ਸ਼ਬਦ ਨੂੰ ਬਹੁਤੇ ਪ੍ਰਕਾਰ ਦੇ ਲੋਕਾਂ ਨੇ ਸੁਣਿਆ ਹੈ। ਇਸ ਕਰਕੇ ਇਕ ਹੀ ਸ਼ਬਦ ਦਾ ਅਰਥ ਅਲੱਗ ਜਾਪਦਾ ਹੈ। ਦਰਅਸਲ ਇਕ ਸ਼ਬਦ ਦੀ ਹੀ ਨਿਰੰਤਰ ਧੁਨ ਦਾ ਨਾਮ ਓਅੰਕਾਰ ਹੈ। ਸ੍ਰਿਸ਼ਟੀ ਤੇ ਇਹੀ ਇਕ ਸ਼ਬਦ ਹੈ ਜੋ ਸਭ ਮਜ਼੍ਹਬਾਂ ਨੂੰ ਆਪਸ ਵਿਚ ਇਕ ਕਰਦਾ ਹੈ। ਜੋੜਦਾ ਹੈ। ਵਰਨਾ ਮਜ਼੍ਹਬਾਂ ਦੇ ਬੜੇ ਮਤਭੇਦ ਹਨ। ਓਅੰਕਾਰ ਸ਼ਬਦ ਤੇ ਕੋਈ ਭੇਦ ਨਹੀਂ ਹੈ। ਇਹੀ ਸ਼ਬਦ

ਹੈ ਜਿਸ ਨੂੰ ਗੁਰੂ ਨਾਨਕ ਕਹਿੰਦੇ ਹਨ —

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ *(ਪੰਨਾ ੧)*

ਸਿਖ਼ਰ ਸ਼ਬਦ ਹੈ "ਓਅੰਕਾਰ"। ਗੀਤਾ ਵਿਚ ਸ੍ਰੀ ਭਗਵਾਨ ਕ੍ਰਿਸ਼ਨ ਨੇ ਤ੍ਰਿਗੁਣ ਦੀ ਚਰਚਾ ਕਰਦਿਆਂ ਓਅੰਕਾਰ ਨੂੰ ਓਮ-ਤਤ-ਸਤ ਕਿਹਾ ਹੈ। ਸਾਰਾ ਸੰਸਾਰ (ਅਸਤਤਿਤਵ) ਤਿੰਨਾਂ ਤੋਂ ਬਣਿਆ ਹੈ। ਓਮ ਜਾਂ ਓਅੰਕਾਰ ਦਾ ਸਰੂਪ ਵੀ ਤ੍ਰਿਗੁਣ ਵਿਚ ਰਮਿਆਂ ਹੋਇਆ ਹੈ। ਓਅੰਕਾਰ ਸ਼ਬਦ ਕੋਈ ਇਸ ਤਰ੍ਹਾਂ ਦਾ ਸ਼ਬਦ ਨਹੀਂ ਹੈ ਜਿਸ ਦਾ ਕਿ ਭਾਸ਼ਕੋਸ਼ਗਤ ਅਰਥ ਕੀਤਾ ਜਾ ਸਕੇ। ਓਅੰਕਾਰ ਇਕ ਨਿਰੰਤਰ ਚਲ ਰਹੀ ਅੰਦਰਲੀ ਧੁਨ ਹੈ। ਜੋ ਬੜੀ ਅਜੀਬੋ ਗ਼ਰੀਬ ਤੇ ਰਸਪੂਰਨ ਧੁਨ ਹੈ। ਇਕ ਅਦਭੁਤ ਰਸ ਹੈ।

ਇਸ ਰਸ ਨੂੰ ਮਾਨਣ ਵਾਸਤੇ ਆਪਣੀਆਂ ਵਿਚਾਰਾਂ ਦੇ ਪ੍ਰਵਾਹ ਨੂੰ ਸੁੰਨ ਕਰਨਾ ਪੈਂਦਾ ਹੈ। ਉਹ ਅਨਹਦ ਧੁਨ ਪਹਿਲਾਂ ਹੀ ਮੌਜੂਦ ਹੈ। ਪਰ ਸਾਡੀਆਂ ਵਿਚਾਰਾਂ ਦੀਆਂ ਤਰੰਗਾਂ ਏਨੀਆਂ ਥਿੜਕਦੀਆਂ ਹਨ ਕਿ ਉਸ ਅਨਹਦ ਨੂੰ ਸੁਣਿਆ ਨਹੀਂ ਜਾ ਸਕਦਾ। ਜਦੋਂ ਸਭ ਦਿਸ਼ਾਵਾਂ ਤੋਂ ਮਨ ਟਿਕ ਜਾਂਦਾ ਹੈ ਤਾਂ ਅੰਦਰੋਂ ਅਨਹਦ ਸ਼ਬਦ ਸੁਣਾਈ ਦੇਂਦਾ ਹੈ। ਓਅੰਕਾਰ ਕੋਈ ਮੰਤਰ ਨਹੀਂ। ਬਲਕਿ ਬੀਜ ਮੰਤਰ ਹੈ। ਗੁਰ ਮੰਤਰ ਦੁਆਰਾ ਉਜਾਗਰ ਕਰਨਾ ਪੈਂਦਾ ਹੈ। ਅਨਹਦ (ਓਅੰਕਾਰ) ਦਾ ਮਤਲਬ ਏਨਾ ਹੈ ਕਿ ਜੋ ਕਿਸੇ ਤੋਂ ਪੈਦਾ ਨਹੀਂ ਹੋਇਆ। ਬਲਕਿ ਸਭ ਸ੍ਰਿਸ਼ਟੀ ਓਅੰਕਾਰ ਤੋਂ ਉਪਜੀ ਹੈ। ਓਅੰਕਾਰ ਸਾਡੇ ਤੋਂ ਪੈਦਾ ਨਹੀਂ ਹੁੰਦਾ। ਬਲਕਿ ਓਅੰਕਾਰ ਕਰਕੇ ਸਾਡੀ ਹੋਂਦ ਕਾਇਮ ਹੈ। ਓਅੰਕਾਰ ਸਾਡੇ ਤੋਂ ਪਹਿਲਾਂ ਹੀ ਹੈ। ਓਅੰਕਾਰ ਉਹ ਨਾਦ ਹੈ ਜਿਸ ਤੋਂ ਸਭ ਕੁਝ ਬਣਿਆ ਹੈ। ਉਹ ਨਿਰੰਤਰ ਹੈ। ਸ੍ਰਿਸ਼ਟੀ ਦੀ ਸ਼ੁਰੂਆਤ ਦੀ ਲੜੀ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਦਰਸਾਇਆ ਹੈ ਕਿ ਓਅੰਕਾਰ (ਆਦਿ ਸਚੁ) ਤੋਂ ਪਉਣ ਪੈਦਾ ਹੋਈ। ਫਿਰ ਪਉਣ ਤੋਂ ਪਾਣੀ ਬਣਿਆ, ਪਾਣੀ ਤੋਂ ਫਿਰ ਇਹ ਸਾਰਾ ਪੰਜ ਭੌਤਿਕ ਸੰਸਾਰ ਹੋਂਦ ਵਿਚ ਆਇਆ।

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
(ਪੰਨਾ ੧੯)

ਹੁਣ ਗੁਰਬਾਣੀ ਦੀ ਰੌਸ਼ਨੀ ਵਿਚ ਇਹ ਪਤਾ ਕਰੀਏ ਕਿ **ਆਤਮਾ ਕੀ ਹੈ?**

ਗੁਰਬਾਣੀ ਨੇ ਆਤਮਾ ਨੂੰ ਪ੍ਰਮਾਤਮਾ ਦੀ ਅੰਸ਼ ਮੰਨਿਆ ਹੈ —

ਕਹੁ ਕਬੀਰ ਇਹੁ ਰਾਮ ਕੀ ਅੰਸੁ॥
ਜਸ ਕਾਗਦ ਪਰ ਮਿਟੈ ਨ ਮੰਸੁ॥ *(ਪੰਨਾ ੮੭੧)*

ਸਾਰੀ ਸ੍ਰਿਸ਼ਟੀ ਪ੍ਰਮਾਤਮਾ ਨੇ ਆਪਣੇ ਆਪ ਤੋਂ ਪ੍ਰਗਟ ਕੀਤੀ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਕਥਨ ਹੈ —

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥ *(ਪੰਨਾ ੩)*

ਭਾਈ ਸਾਹਿਬ ਭਾਈ ਗੁਰਦਾਸ ਜੀ ਮਹਾਰਾਜ ਨੇ ਵੀ ਇਸ ਪੁਸ਼ਟੀ ਦੀ ਵਿਆਖਿਆ ਕੀਤੀ ਹੈ।

ਕੇਵਡ ਇਕ ਕਵਾਉ ਪਸਾਉ ਕਰਾਇਆ॥
ਕੇਵਲ ਕੰਡਾ ਤੋਲ ਤੋਲਿ ਤੁਲਾਇਆ॥
ਕਰਿ ਬ੍ਰਹਮੰਡ ਕਰੋੜਿ ਕਵਾਉ ਵਧਾਇਆ॥
ਲਖ ਲਖ ਧਰਤਿ ਅਗਾਸਿ ਅਧਰ ਧਰਾਇਆ॥
ਪਉਣ ਪਾਣੀ ਬੈਸੰਤਰ ਲਖ ਉਪਾਇਆ॥
ਲਖ ਚਉਰਾਸੀਹ ਜੋਨਿ ਖੇਲ ਰਚਾਇਆ॥
ਜੋਨ ਜੋਨ ਜੀਅ ਜੰਤ ਅੰਤ ਨ ਪਾਇਆ॥
ਸਿਰ ਸਿਰ ਲੇਖ ਲਿਖਾਇ ਅਲੇਖ ਧਿਆਇਆ॥
(ਭਾ: ਸਾਹਿਬ, ਭਾ: ਗੁਰਦਾਸ ਜੀ)

ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ —

ਏਕ ਕਵਾਵੈ ਤੇ ਸਭਿ ਹੋਆ॥੧॥ *(ਪੰਨਾ ੧੦੦੩)*

ਭਾਵ ਕਿ ਉਹ ਪਰੀ ਪੂਰਨ ਪ੍ਰਮਾਤਮਾ ਆਪਣੇ ਆਪ ਤੋਂ—

ਅਨੇਕ ਹੈ, ਫਿਰਿ ਏਕ ਹੈ॥ *(ਜਾਪੁ ਸਾਹਿਬ)*

ਪ੍ਰਮਾਤਮਾ ਮੂਲ ਰੂਪ ਵਿਚ ਇਕ ਹੀ ਹੈ। ਮਗਰ ਉਹ ਆਪਣੇ ਪਸਾਰੇ ਵਿਚ ਅਨੇਕਾਂ ਰੂਪ ਹੋ ਕੇ ਵਰਤ ਰਿਹਾ ਹੈ। ਸਾਰਾ ਸੰਸਾਰ, ਪਰੀਪੂਰਨ ਕਰਤਾਰ ਦਾ ਵਿਸਥਾਰ ਹੈ। ਸੰਸਾਰ ਦਾ ਸਿਰਜਨਹਾਰ ਕਰਤਾਰ ਹੈ। ਅਠਾਰਾਂ ਪੁਰਾਣਾਂ, ਵੇਦਾਂ ਤੇ ਕਤੇਬਾਂ ਸਭ ਨੇ ਇਕ ਜ਼ਬਾਨ ਹੋ ਕੇ ਇਹ ਗੱਲ ਆਖੀ ਹੈ ਕਿ ਅਸਲ ਰੂਪ ਵਿਚ ਪ੍ਰਮਾਤਮਾ ਇਕ ਹੀ ਹੈ —

ਸਹਸ ਅਠਾਰਹ ਕਹਨਿ ਕਤੇਬਾ
ਅਸੁਲੂ ਇਕੁ ਧਾਤੁ ॥ (ਪੰਨਾ ੫)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਚਿੱਤਰ ਨਾਟਕ ਵਿਚ ਬੜਾ ਸੁੰਦਰ ਜ਼ਿਕਰ ਕੀਤਾ ਹੈ ਕਿ ਅਕਾਲ ਪੁਰਖ ਨੇ ਪਹਿਲੇ ਪਹਿਲ ਜਦੋਂ ਰਚਨਾ ਕੀਤੀ ਤਾਂ ਉਹ ਓਅੰਕਾਰ ਤੋਂ ਕੀਤੀ। ਪਹਿਲਾਂ ਉਹ "ਸ਼ਬਦ" ਹੋ ਕੇ ਸਭ ਸ੍ਰਿਸ਼ਟੀ ਵਿਚ ਲੀਨ ਹੋ ਗਿਆ। ਫਿਰ ਉਸ ਨੇ ਆਪਣੇ ਆਪ ਤੋਂ ਸਾਰੇ ਸੰਸਾਰ ਨੂੰ ਵਜੂਦ ਵਿਚ ਲਿਆਂਦਾ।

ਪ੍ਰਥਮ ਕਾਲ ਜਬ ਕਰਾ ਪਸਾਰਾ ॥
ਓਅੰਕਾਰ ਤੇ ਸ੍ਰਿਸਟਿ ਉਪਾਰਾ ॥ (ਬਚਿੱਤਰ ਨਾਟਕ)

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕਹਿਣਾ ਹੈ ਕਿ ਮੇਰੀ ਉਸ ਪਰਮ ਸ਼ਕਤੀ ਨੂੰ ਨਮਸ਼ਕਾਰ ਹੈ। ਜੋ ਆਦਿ, ਮਧ ਅਤੇ ਅੰਤ ਤਕ ਆਪਣੇ ਆਪ ਵਿਚ ਆਪ ਕਰਮ ਕਰ ਰਹੀ ਹੈ। ਆਪਣੀ ਮਾਂ ਵੀ ਤੇ ਬਾਪ ਵੀ ਆਪ ਹੀ ਹੈ। ਸੰਸਾਰ ਦੇ ਅੰਤਰ ਤੇ ਬਾਹਰ ਵੀ ਉਹੀ ਹੈ।

ਓਅੰ ਸਾਧ ਸਤਿਗੁਰ ਨਮਸਕਾਰੰ ॥ ਆਦਿ ਮਧਿ ਅੰਤਿ ਨਿਰੰਕਾਰੰ ॥
ਆਪਹਿ ਸੁੰਨ ਆਪਹਿ ਸੁਖ ਆਸਨ ॥ ਆਪਹਿ ਸੁਨਤ ਆਪ ਹੀ ਜਾਸਨ ॥
ਆਪਨ ਆਪੁ ਆਪਿ ਉਪਾਇਓ ॥ ਆਪਹਿ ਬਾਪ ਆਪ ਹੀ ਮਾਇਓ ॥
(ਪੰਨਾ ੨੫੦)

ਸੰਸਾਰ ਨਿਰੰਕਾਰ ਦਾ ਅਕਾਰ ਹੈ। ਜੋ ਦਿਸਦਾ ਹੈ, ਸਭ ਪ੍ਰਮਾਤਮਾ ਦਾ ਆਤਮ ਪਸਾਰਾ ਹੈ। ਗੁਰਮਤਿ ਅਨੁਸਾਰ ਆਤਮਾ ਪ੍ਰਮਾਤਮਾ ਦਾ ਅੰਸ਼ ਹੈ—

ਕਹੁ ਕਬੀਰ ਇਹੁ ਰਾਮ ਕੀ ਅੰਸੁ ॥
ਜਸ ਕਾਗਦ ਪਰ ਮਿਟੈ ਨ ਮੰਸੁ ॥ (ਪੰਨਾ ੮੭੧)

ਆਤਮਾ ਦਾ ਮੂਲ ਸਰੂਪ ਇਕ ਓਅੰਕਾਰ ਹੈ। ਯਾਨੀ ਕਿ ਆਤਮਾ ਦਾ ਅਸਲਾ ਇਕ ਓਅੰਕਾਰ ਹੀ ਹੈ। ਜਿਵੇਂ ਪ੍ਰਮਾਤਮਾ! ਪੰਜ ਤੱਤਾਂ ਤੋਂ ਵਿਲੱਖਣ ਹੈ। ਵੱਖਰਾ ਹੈ। ਇਸੇ ਤਰ੍ਹਾਂ ਆਤਮਾ ਵੀ ਪੰਜ ਤੱਤ ਦੇ ਸਰੀਰ ਵਿਚ ਰਹਿੰਦਿਆਂ ਹੋਇਆਂ ਵੀ ਰਹਿਤ ਹੈ। ਆਤਮਾ ਦ੍ਰਿਸ਼ਟਮਾਨ ਨਹੀਂ ਹੈ। ਸਗੋਂ ਆਪਣੇ ਮੂਲ ਸਰੂਪ ਪ੍ਰਮਾਤਮਾ ਦੀ ਸਮਗਣੀ ਹੈ। ਪ੍ਰਮਾਤਮਾ ਸਤਿ-ਚਿੱਤ-ਅਨੰਦ ਹੈ। ਯਾਨਿ ਕਿ ਸਚਿਦਾਨੰਦ ਹੈ। ਆਤਮਾ ਵੀ ਸਤ-ਚਿੱਤ ਅਨੰਦ ਹੈ। ਪਰ ਪੰਜ ਭੌਤਿਕ ਸਰੀਰ ਨਾਲ ਜੋੜ ਜੁੜਨ ਕਰਕੇ ਆਪਣੇ ਅਸਲ ਰੂਪ

ਪ੍ਰਮਾਤਮਾ ਤੋਂ ਅਲੱਗ, ਵੱਖਰੀ ਹੋਂਦ ਵਿਚ ਭਾਸਣ ਲਗ ਪਈ ਹੈ। ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਅਲੱਗ ਸਮਝਦੇ ਹਾਂ। ਇਸ ਕਰਕੇ ਹੀ ਪ੍ਰਮਾਤਮਾ ਦੀ ਖੋਜ ਕਰਨ ਬਾਹਰ ਜਾਂਦੇ ਹਾਂ। ਜੇਕਰ ਇਹ ਅਨੁਭਵ ਹੋਵੇ ਕਿ ਪ੍ਰਮਾਤਮਾ ਦਾ ਅੰਸ਼ ਸਾਡੇ ਅੰਦਰ ਹੈ ਤਾਂ ਅਸੀਂ ਅੰਤਰਮੁਖੀ ਹੋਣ ਦਾ ਜਤਨ ਕਰਾਂਗੇ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰ ਦੀ ਇਕ ਬੜੀ ਪਿਆਰੀ ਕਹਾਣੀ ਹੈ ਕਿ ਇਕ ਵਾਰ ਦਰਬਾਰ ਵਿਚ ਕੁਝ ਨੌਜਵਾਨ ਸੰਨਿਆਸੀ ਸਾਧੂ ਆਏ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਇਹ ਮੰਗ ਕੀਤੀ ਕਿ ਅਸੀਂ ਅਧਿਆਤਮ ਅਭਿਲਾਸ਼ੀ ਹਾਂ। ਪ੍ਰਭੂ ਦੀ ਖੋਜ ਵਿੱਚ ਨਿਕਲੇ ਹਾਂ। ਅਕਸਰ ਬਹੁਤ ਸੰਨਿਆਸੀ ਸਾਧੂ ਪਹਾੜੀ ਇਲਾਕਿਆਂ ਵਿਚ ਹੀ ਜਾਂਦੇ ਹਨ। ਇਹੀ ਸਭ ਤੋਂ ਵੱਡੀ ਭਾਰਤ ਦੀ ਬਦਕਿਸਮਤੀ ਰਹੀ ਹੈ ਕਿ ਜਿਹੜਾ ਵੀ ਅਧਿਆਤਮ ਅਭਿਆਸ ਕਰਨ ਲਈ ਪ੍ਰੇਰਤ ਹੋਇਆ ਉਹ ਜਾਂ ਤਾਂ ਜੰਗਲਾਂ ਨੂੰ ਚਲਾ ਗਿਆ ਜਾਂ ਫਿਰ ਪਹਾੜਾਂ ਦੀਆਂ ਕੰਦਰਾਂ ਵਿੱਚ ਲੁਕਦਾ ਰਿਹਾ। ਸੰਸਾਰੀ ਲੋਕਾਂ ਨੂੰ ਬੜੇ ਭਰਮ ਭੁਲੇਖੇ ਬਣੇ ਰਹੇ ਕਿ ਪ੍ਰਭੂ ਪ੍ਰਾਪਤੀ ਹਮੇਸ਼ਾ ਹੀ ਘਰ ਬਾਹਰ ਛੱਡ ਕੇ ਅਤੇ ਜੰਗਲਾਂ ਪਹਾੜਾਂ ਵਿਚ ਜਾ ਕੇ ਹੁੰਦੀ ਹੈ।

ਇਹ ਨੌਜਵਾਨ ਸਾਧੂ ਵੀ ਕੁਝ ਇਸੇ ਤਰ੍ਹਾਂ ਹੀ ਗੁੰਮਰਾਹ ਹੋਏ ਹੋਏ ਸਨ। ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੋਲ ਕਿਹਾ ਕਿ ਅਸੀਂ ਪ੍ਰਭੂ ਦੀ ਖੋਜ ਵਿੱਚ ਨਿਕਲੇ ਹਾਂ। ਪਹਾੜਾਂ ਵਿੱਚ ਜਾ ਰਹੇ ਹਾਂ। ਰਸਤੇ ਵਿਚ ਲੋੜ ਵਾਸਤੇ ਸਾਨੂੰ ਕੁਝ ਸਮੱਗਰੀ ਚਾਹੀਦੀ ਹੈ? ਅੰਨ ਤੇ ਧਨ ਚਾਹੀਦਾ ਹੈ?

ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਨਵਯੁਵਕ ਸਾਧੂਆਂ ਨੂੰ ਪੁੱਛਣ ਲਗੇ ਕਿ ਆਖਿਰ ਤੁਸੀਂ ਪਹਾੜਾਂ ਵਿੱਚ ਹੀ ਕਿਉਂ ਜਾਣਾ ਹੈ? ਉਨ੍ਹਾਂ ਸਾਧੂਆਂ ਦਾ ਜਵਾਬ ਸੀ ਕਿ ਜਿਹੜਾ ਵੀ ਸੰਨਿਆਸੀ ਸੰਨਿਆਸ ਧਾਰਨ ਕਰਦਾ ਹੈ ਉਹ ਪਹਾੜਾਂ ਵਿਚ ਹੀ ਜਾਂਦਾ ਹੈ। ਸੁਣਿਆ ਹੈ ਕਿ ਪ੍ਰਭੂ ਪ੍ਰਾਪਤੀ ਵੀ ਪਹਾੜਾਂ ਵਿੱਚ ਜਾ ਕੇ ਹੀ ਹੁੰਦੀ ਹੈ। ਗੁਰਦੇਵ ਕਹਿਣ ਲਗੇ! ਤੁਸੀਂ ਅਨਜਾਣ ਹੋ। ਰੱਬ ਕੋਈ ਗੁਆਚਾ ਹੋਇਆ ਨਹੀਂ ਕਿ ਜਿਸ ਨੂੰ ਤੁਸੀਂ ਪਹਾੜਾਂ ਵਿਚੋਂ ਖੋਜੋਗੇ। ਪ੍ਰਮਾਤਮਾ ਸਿਰਫ਼ ਤੁਹਾਨੂੰ ਭੁਲਿਆ ਹੋਇਆ ਹੈ। ਜਿਥੇ ਮਰਜ਼ੀ ਬੈਠ ਕੇ ਉਸ ਨੂੰ ਯਾਦ ਕਰੋ। ਉਸ ਦਾ ਜਾਪ ਕਰੋ। ਪ੍ਰਮਾਤਮਾ ਖੋਜਣ ਦਾ ਵਿਸ਼ਾ ਨਹੀਂ ਹੈ। ਪ੍ਰਮਾਤਮਾ ਅਨੁਭਵ ਦਾ ਵਿਸ਼ਾ ਹੈ ਅਤੇ ਜਿਥੇ ਮਰਜ਼ੀ ਰਹਿ ਕੇ ਉਸ ਦਾ

ਅਨੁਭਵ ਕੀਤਾ ਜਾ ਸਕਦਾ ਹੈ।

ਦਰਅਸਲ ਇਹ ਹਕੀਕਤ ਹੈ ਕਿ ਪ੍ਰਮਾਤਮਾ ਦੀ ਖੋਜ ਬਾਹਰ ਮੁਖੀ ਹੋ ਰਹੀ ਹੈ। ਮਨੁੱਖ ਆਪਣੇ ਅੰਦਰ ਹੀ ਉਸ ਦੀ ਖੋਜ ਨਹੀਂ ਕਰਦਾ। ਬਾਕੀ ਸਭ ਥਾਵਾਂ ਤੇ ਉਸ ਨੂੰ ਲਭਦਾ ਫਿਰਦਾ ਹੈ।

ਦਰਅਸਲ ਆਤਮਕ ਰੂਪ ਵਿਚ ਅਸੀਂ ਪ੍ਰਮਾਤਮਾ ਤੋਂ ਅਲੱਗ ਨਹੀਂ ਹਾਂ। ਪਰ ਪਰਾਕ੍ਰਿਤਕ ਸਰੀਰ ਨਾਲ ਸਬੰਧ ਹੋਣ ਕਰਕੇ ਆਤਮਾ ਨੇ ਆਪਣੇ ਮੂਲ ਸਰੂਪ ਪ੍ਰਮਾਤਮਾ ਨਾਲੋਂ ਸਬੰਧ ਤੋੜ ਲਿਆ ਹੈ। ਆਤਮਾ ਆਪਣੀ ਵੱਖਰੀ ਹੋਂਦ ਮੰਨ ਬੈਠੀ ਹੈ। ਜਿਵੇਂ ਸਮੁੰਦਰ ਦੇ ਤਲ ਤੇ ਚਲਦੀ ਹੋਈ ਹਵਾ, ਪਾਣੀ ਦੀ ਇਕ ਬੂੰਦ ਨਾਲ ਸਬੰਧ ਜੋੜ ਲਏ। ਬੱਸ! ਸਾਡੇ ਸਰੀਰ ਵਿੱਚ ਵੀ ਇਕ ਪਾਣੀ ਨਾਲ ਹਵਾ (ਸੁਆਸਾਂ) ਦਾ ਇਕ ਕਤਰਾ ਜੁੜਿਆ ਹੋਇਆ ਹੈ —

ਦੇਹੀ ਮਾਟੀ ਬੋਲੈ ਪਉਣੁ ॥ *(ਪੰਨਾ ੧੫੨)*

ਸਮੁੰਦਰ ਦੇ ਤਲ ਉਪਰ ਹਵਾ ਦੇ ਸਹਾਰੇ ਨਾਲ ਅਨੇਕਾਂ ਲਹਿਰਾਂ ਉਠਦੀਆਂ ਹਨ। ਕੁਝ ਪਾਣੀ ਦੇ ਕਤਰਿਆਂ ਵਿੱਚ ਹਵਾ ਸਮਾ ਜਾਂਦੀ ਹੈ। ਜਿਨ੍ਹਾਂ ਪਾਣੀ ਦੇ ਕਤਰਿਆਂ ਵਿਚ ਹਵਾ ਸਮਾਉਂਦੀ ਹੈ। ਉਹ ਬੁਲਬੁਲੇ ਬਣ ਕੇ ਸਮੁੰਦਰ ਦੀ ਛਾਤੀ ਉੱਪਰ ਤੈਰਦੇ ਹਨ। ਅਨੇਕਾਂ ਬੁਦਬੁਦੇ (ਬੁਲਬੁਲੇ) ਬਣਦੇ ਹਨ ਅਤੇ ਬਿਨਸਦੇ ਹਨ। ਪਰ ਸਮੁੰਦਰ ਦੀ ਛਾਤੀ ਉਪਰ ਤੈਰਦਾ ਹੋਇਆ ਇਕ ਬੁਲਬੁਲਾ ਵੀ ਸਮੁੰਦਰ ਨਾਲੋਂ ਅਲੱਗ (ਵੱਖਰਾ) ਭਾਸਦਾ ਹੈ। ਹਾਲਾਂ ਕਿ ਉਹ ਬੁਲਬੁਲਾ ਸਮੁੰਦਰ ਨਾਲੋਂ ਅਲੱਗ ਕਦੇ ਵੀ ਨਹੀਂ ਹੋ ਸਕਦਾ। ਪਰ ਉਸ ਅੰਦਰ ਇਕ ਭਰਮ ਹੈ ਕਿ ਮੇਰੀ ਹਸਤੀ ਅਲੱਗ ਹੈ। ਹਾਲਾਂ ਕਿ ਉਸ ਦੀ ਹਸਤੀ ਸਮੁੰਦਰ ਕਰਕੇ ਹੈ। ਉਹ ਬੁਲਬੁਲਾ ਸਮੁੰਦਰ ਵਿੱਚ ਰਹਿ ਕੇ ਜਿਥੇ ਤਕ ਮਰਜ਼ੀ ਤੈਰ ਸਕਦਾ ਹੈ। ਪਰ ਸਮੁੰਦਰ ਨੂੰ ਛਡ ਕੇ ਉਸ ਦੀ ਹਸਤੀ ਕਾਇਮ ਨਹੀਂ ਰਹਿ ਸਕਦੀ।

ਬੱਸ ਇਹ ਸਾਰਾ ਜੀਵਨ ਹੈ। ਸਾਰਾ ਸੰਸਾਰ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹਸਤੀ ਸਮਝਦਾ ਹੈ। ਸਾਰਾ ਸੰਸਾਰ ਪਾਣੀ ਦੇ ਬਣੇ ਹੋਏ ਬੁਲਬੁਲਿਆਂ ਵਾਂਗ ਹੈ। ਪ੍ਰਮਾਤਮਾ ਇਕ ਸਮੁੰਦਰ ਹੈ। ਆਤਮਾ ਤਾਂ ਪ੍ਰਮਾਤਮਾ ਦਾ ਇਕ ਕਤਰਾ ਹੈ। ਸੰਸਾਰ ਦੀ ਅੰਸ ਸਰੀਰ ਹੈ। ਆਤਮਾ ਪ੍ਰਮਾਤਮਾ ਦੀ ਅੰਸ ਹੈ। ਕਰਤਾਰ ਦੀ ਅੰਸ ਦਾ ਜਦੋਂ ਸੰਸਾਰ ਦੀ ਅੰਸ ਨਾਲ ਸੁਮੇਲ ਹੋ ਜਾਂਦਾ ਹੈ ਤਾਂ ਇਹ ਸਰੀਰ ਰੂਪ ਬੁਲਬੁਲਾ ਹੋਂਦ ਵਿੱਚ ਆਉਂਦਾ ਹੈ। ਮਗਰ ਇਹ ਬੁਲਬੁਲਾ ਸਮੁੰਦਰ ਵਿਚ ਰਹਿ ਕੇ ਜਿਥੇ ਤਕ ਮਰਜ਼ੀ ਤੈਰ ਸਕਦਾ ਹੈ। ਸਮੁੰਦਰ

ਤੋਂ ਬਾਹਰ ਨਹੀਂ। ਸਾਡਾ ਜੀਵਨ ਸਿਰਫ਼ ਉਸ ਬੁਲਬੁਲੇ ਵਾਂਗ ਹੈ ਜੋ ਪੈਦਾ ਤਾਂ ਸਮੁੰਦਰ ਦੀ ਛਾਤੀ ਤੇ ਹੁੰਦਾ ਹੈ। ਮਗਰ ਆਪਣੀ ਹੋਂਦ ਵੱਖਰੀ ਸਮਝਦਾ ਹੈ। ਅਨੇਕਾਂ ਹੀ ਬੁਲਬੁਲੇ ਬਣਦੇ ਹਨ, ਫਿਰ ਬਿਨਸਦੇ ਹਨ। ਪਰ ਪਾਣੀ (ਸਮੁੰਦਰ) ਤੋਂ ਬਾਹਰ ਨਹੀਂ, ਉਥੇ ਹੀ ਬਣਦੇ ਹਨ। ਉਥੇ ਹੀ ਬਿਨਸਦੇ ਹਨ। ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਇਸ ਹਕੀਕਤ ਨੂੰ ਕਿੰਨਾ ਸੋਹਣਾ ਬਿਆਨ ਕੀਤਾ ਹੈ —

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥੨੫॥

(ਪੰਨਾ ੧੪੨੭)

ਸੋ ਸਾਡਾ ਸਰੀਰ ਤਾਂ ਸੰਸਾਰ ਸਮੁੰਦਰ ਦਾ ਇਕ ਕਤਰਾ ਹੈ। ਇਸ ਕਤਰੇ ਵਿੱਚ ਸਮਾਈ ਹੋਈ ਆਤਮਾ, ਪ੍ਰਮਾਤਮਾ ਦਾ ਇੱਕ ਕਤਰਾ ਹੈ। ਬੱਸ ਇਹ ਜੋੜ ਹੀ ਇਕ ਬਲਬੁਲਾ ਹੈ। ਇਹ ਸਰੀਰ ਦਾ ਬਲਬੁਲਾ ਸਮੁੰਦਰ ਦੀ ਛਾਤੀ ਤੇ ਆਪਣੇ ਆਪ ਦੀ ਇਕ ਵੱਖਰੀ ਹਸਤੀ ਮੰਨਦਾ ਹੈ। ਇਹ ਮੰਨਣਾ ਹੀ ਕਿ "ਮੈਂ ਹਾਂ!" ਇਹੀ "ਹਉਮੈ" ਹੈ। ਇਸ "ਹਉਮੈ" ਨੂੰ ਅਸੀਂ ਮਨ ਵੀ ਕਹਿ ਸਕਦੇ ਹਾਂ। ਮਨ ਹੀ ਇਹ ਸਭ ਕੁਝ ਮੰਨਦਾ ਹੈ ਕਿ "ਮੈਂ ਹਾਂ!" ਹਉਮੈ, ਦਾ ਮਤਲਬ ਸਿਰਫ਼ ਇਨਾ ਹੀ ਹੈ ਕਿ "ਮੈਂ ਕੁਝ ਹਾਂ!"

ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਪ੍ਰਮਾਤਮਾ ਨੇ ਆਪਣੇ ਆਪ ਤੋਂ ਹੀ ਸਭ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਆਪ ਹੀ ਆਤਮ ਰੂਪ ਹੋ ਕੇ ਸ੍ਰਿਸ਼ਟੀ ਵਿੱਚ ਵਿਲੀਨ ਹੋਇਆ ਹੈ। ਪ੍ਰਮਾਤਮਾ ਦਾ ਹੀ ਛੋਟਾ ਨਾਮ "ਆਤਮਾ" ਹੈ।

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥

(ਪੰਨਾ ੪੬੩)

ਜਿਵੇਂ ਸੂਰਜ ਦੀਆਂ ਕਿਰਨਾਂ ਸੂਰਜ ਤੋਂ ਅਲੱਗ ਨਹੀਂ! ਪਰ ਸਭ ਕਿਰਨਾਂ ਸੂਰਜ ਦੀ ਰਚਨਾ ਹਨ। ਪ੍ਰਕਾਸ਼ ਦੀ ਸਾਜਨਾ ਸੂਰਜ ਵਿਚੋਂ ਹੈ। ਸਾਡੀ ਆਤਮਾ ਬਕਾਇਦਾ ਪ੍ਰਮਾਤਮਾ ਦੀ ਇਕ ਕਿਰਨ ਹੈ। ਸਾਰਾ ਸੰਸਾਰ ਕਰਤਾਰ ਦੀ ਰਚਨਾ ਹੈ।

ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਵਿਚਾਰ ਹੈ ਕਿ ਇਹ ਜਗਤ ਪ੍ਰਮਾਤਮਾ ਦੇ ਰਹਿਣ ਦਾ ਥਾਂ ਹੈ। ਪ੍ਰਮਾਤਮਾ ਦਾ ਨਿਵਾਸ ਅਸਥਾਨ ਹੈ।

ਪ੍ਰਮਾਤਮਾ ਇਸ ਜੱਗ ਵਿਚ ਵੱਸ ਰਿਹਾ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਪੰਨਾ ੪੬੩)

ਕੁਦਰਤ ਦੇ ਨਿਯਮ ਅਨੁਸਾਰ ਸੰਸਾਰ ਵਿਚ ਦੋ ਸ਼ਕਤੀਆਂ ਕੰਮ ਕਰਦੀਆਂ ਹਨ। ਇਕ **ਨਿਰਗੁਣ** ਹੈ। ਦੂਜੀ **ਸਰਗੁਣ** ਹੈ। ਸਰਗੁਣ ਨਿਯਮ ਜੋ ਹੈ ਇਹ ਸੰਸਾਰ ਮੁਖੀ ਹੈ। **ਨਿਰਗੁਣ** ਕਰਤਾਰ ਮੁਖੀ ਹੈ। ਇਹ ਦੋਵੇਂ ਨਿਯਮ ਇਕ ਦੂਜੇ ਨਾਲ ਜੁੜੇ ਹੋਏ ਹਨ। ਇਕ ਤੋਂ ਬਿਨਾਂ ਦੂਜੇ ਦੀ ਹੋਂਦ ਨਹੀਂ ਰਹਿ ਸਕਦੀ। ਨਿਰਗੁਣ, ਸਰਗੁਣ ਦੇ ਆਸਰੇ ਹੈ ਅਤੇ ਸਰਗੁਣ, ਨਿਰਗੁਣ ਦੇ ਆਸਰੇ ਹੈ। ਦੋਵਾਂ ਨਿਯਮਾਂ ਵਿਚ ਪ੍ਰਮਾਤਮਾ ਦੀ ਕਲਾ ਵਰਤ ਰਹੀ ਹੈ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥ *(ਪੰਨਾ ੨੮੭)*

ਸਾਰੀ ਸ੍ਰਿਸ਼ਟੀ ਦੀ ਰਚਨਾ ਵਿੱਚ ਇਹਿ ਦੋ ਨਿਰਗੁਣ ਸਰਗੁਣ ਨਿਯਮ ਕੰਮ ਕਰਦੇ ਹਨ। ਪ੍ਰਮਾਤਮਾ! ਇਨ੍ਹਾਂ ਨਿਯਮਾਂ ਦੇ ਆਸਰੇ ਹੀ ਇਸ ਸੰਸਾਰ ਵਿੱਚ ਕਿਤੇ ਤਾਂ ਬੜਾ ਸੂਖਸ਼ਮ ਹੋ ਕੇ ਪ੍ਰਤੀਤ ਹੁੰਦਾ ਹੈ। ਇਕ ਨਿੱਕੀ ਕੀੜੀ ਦੀ ਬਣਤਰ ਵੇਖ ਕੇ ਕਹਿਣਾ ਪੈਂਦਾ ਹੈ ਕਿ ਹੇ ਪ੍ਰਭੂ! ਤੂੰ ਇੰਨਾ ਸੂਖਸ਼ਮ ਹੈਂ ਕਿ ਕੀੜੀ ਵਰਗੇ ਨਿੱਕੇ ਜੀਵ ਵਿੱਚ ਵੀ ਤੇਰਾ ਸਰੂਪ ਉਨਾਂ ਹੀ ਹੈ ਜਿੰਨਾ ਕਿ ਇਕ ਵੱਡੇ ਸਾਰੇ ਹਾਥੀ ਵਿੱਚ। ਉਸ ਦੀ ਕਲਾ ਦੀ ਲੀਲ੍ਹਾ ਇਸ ਤਰ੍ਹਾਂ ਦੀ ਹੈ ਕਿ ਕੀੜੀ ਵਿੱਚ ਵੀ ਉਹ ਉਨਾਂ ਹੀ ਸਮਾਇਆ ਹੋਇਆ ਹੈ। ਜਿੰਨਾ ਕਿ ਇਕ ਹਾਥੀ ਵਿੱਚ।

ਆਪਹਿ ਸੂਖਮ ਆਪਹਿ ਅਸਥੂਲਾ॥
ਲਖੀ ਨ ਜਾਈ ਨਾਨਕ ਲੀਲਾ॥੧॥ *(ਪੰਨਾ ੨੫੦)*

ਪ੍ਰਮਾਤਮਾ ਦੀ ਇਸ ਕਲਾ ਦਾ ਨਾਮ ਕੁਦਰਤ ਹੈ। ਇਸ ਕਲਾ (ਕੁਦਰਤ) ਨਾਲ ਉਹ ਸਾਰੀ ਸ੍ਰਿਸ਼ਟੀ ਨੂੰ ਇਕ ਵਿਧਾਨ ਵਿੱਚ ਬੰਨ੍ਹ ਕੇ ਰੱਖਦਾ ਹੈ। ਸਾਡਾ ਵਜੂਦ ਇਕ ਵਿਧੀ ਅਨੁਸਾਰ ਬਣਿਆ ਹੈ। ਸਰੀਰ ਦੇ ਸਾਰੇ ਨਕਸ਼ੋ ਨਿਗਾਰ ਇਕ ਵਿਧਾਨ ਵਿਚ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਨਾ ਵਿੱਚ ਪ੍ਰਭੂ ਦੀ ਕਲਾ ਦਾ ਅਤੇ ਵਿਧੀ ਵਿਧਾਨ ਦਾ ਬੜਾ ਸੁੰਦਰ ਜ਼ਿਕਰ ਕੀਤਾ ਹੈ —

ਅਨਿਕ ਭਾਤਿ ਕਰਿ ਮਣੀਏ ਸਾਜੇ॥ *(ਸੋਰਠਿ ਮ: ੫, ਪੰਨਾ ੬੦੯)*

ਭਾਵ ਕਿ ਸਾਡੇ ਸਰੀਰ ਦੇ ਮਣੀਆਂ (ਭਾਵ ਮਣਕੇ) ਅਨੇਕ ਪ੍ਰਕਾਰ ਨਾਲ ਪ੍ਰਭੂ ਨੇ ਸਵਾਰੇ ਹਨ। ਇਕ ਹੱਥ ਤੇ ਫਿਰ ਪੰਜ ਉਂਗਲਾਂ। ਉਂਗਲਾਂ ਦੇ ਪੋਟੇ। ਇਕ ਇਕ ਮਣਕਾ ਥਾਂ ਸਿਰ ਥਾਂ ਹੈ। ਕੋਈ ਕਦੇ ਭੁੱਲ ਨਹੀਂ ਹੁੰਦੀ। ਜਿਸ ਪੋਟੇ (ਅੰਗ) ਦੀ ਜਿਥੇ ਜ਼ਰੂਰਤ ਹੈ। ਉਹ ਉਥੇ ਹੀ ਸੈੱਟ ਕੀਤਾ ਹੈ। ਇਥੋਂ ਤਕ ਕਿ ਕੁਦਰਤ ਨੇ ਨਾਜ਼ੁਕ ਅੰਗਾਂ ਦਾ ਬੜਾ ਧਿਆਨ ਰਖਿਆ ਹੈ। ਅੱਖਾਂ ਦੀ ਰਖਿਆ ਲਈ ਨਿੱਕੀਆਂ ਝਿਮਣੀਆਂ (ਵਾਲ) ਪੈਦਾ ਕੀਤੇ ਹਨ। ਨਹੀਂ ਤਾਂ ਦੋ ਸਾਲਾਂ ਵਿੱਚ ਹੀ ਅੱਖਾਂ ਕੂੜ ਗੁਬਾਰ ਨਾਲ ਖ਼ਰਾਬ ਹੋ ਜਾਣ। ਭਾਵ ਕਿ ਸਾਰੇ ਸਰੀਰ ਨੂੰ ਇਕ ਵਿਧੀ ਨਾਲ ਬਣਾਇਆ ਹੈ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਪ੍ਰਭੂ ਨੇ ਪਹਿਲਾਂ ਮਾਂ ਦੇ ਗਰਭ ਵਿਚ ਇਕ ਪਾਣੀ ਦੇ ਕਤਰੇ ਤੋਂ ਸਾਡੇ ਸਰੀਰ ਦੀ ਬਣਤਰ ਸ਼ੁਰੂ ਕੀਤੀ ਹੈ।

ਰਕਤ ਬਿੰਦ ਕਰ ਨਿੰਮਿਆ,
ਚਿੱਤਰ ਚਰਿਤਰ ਬਚਿਤਰ ਬਣਾਇਆ॥

ਪਾਣੀ ਦੇ ਕਤਰੇ ਤੋਂ ਬੜੀ ਵਚਿੱਤਰ ਤਸਵੀਰ ਬਣਾਈ ਹੈ।

ਗਰਭ ਕੁੰਡ ਵਿਚ ਰਖਿਆ ਜੀਉ ਪਾਇ ਤਨ ਸਾਜ ਸੁਹਾਇਆ॥
ਮੂੰਹ ਅਖੀ ਨੱਕ ਕੰਨ ਹਥ ਪੈਰ ਤਨ ਵਾਰ ਬਣਾਇਆ॥

ਮਾਤਾ ਦੇ ਗਰਭ ਵਿਚ ਰੱਖ ਕੇ ਜੀਵ ਨੂੰ ਸਾਜਿਆ ਹੈ। ਫਿਰ ਉਸ ਵਿਧੀ ਨੂੰ ਇਕ ਐਸੀ ਤਰਤੀਬ ਦਿੱਤੀ ਹੈ ਕਿ ਕਦੇ ਇਹ ਨਹੀਂ ਹੋ ਸਕਦਾ ਕਿ ਮੂੰਹ ਦੀ ਥਾਂ ਹੱਥ ਬਣ ਜਾਣ। ਹੱਥਾਂ ਦੀ ਥਾਂ ਪੈਰ ਤੇ ਪੈਰਾਂ ਦੀ ਥਾਂ ਸਿਰ ਹੋਵੇ। ਨੱਕ ਦੀ ਥਾਂ ਅੱਖਾਂ ਹੋਣ। ਉਸ ਦੀ ਵਿਧੀ ਵਿਚ ਸਦਾ ਇਕ ਤਰਤੀਬ ਹੈ। ਕਦੀ ਕੋਈ ਭੁੱਲ ਚੁੱਕ ਨਹੀਂ ਹੁੰਦੀ।

ਬਾਲ ਬੁਧ ਮੂੰਹ ਦੁਧ ਦੇ ਮਲ ਮੂਤਰ ਸੂਤਰ ਵਿਚ ਆਇਆ॥

ਮਾਤਾ ਦੇ ਗਰਭ ਵਿੱਚ ਤਾਂ ਉਸਨੇ ਰਖਿਆ ਕੀਤੀ ਹੈ। ਪਰ ਕਮਾਲ ਦੀ ਗੱਲ ਹੈ ਕਿ ਜਿੰਨੀ ਦੇਰ ਤੱਕ ਬੱਚੇ ਦੇ ਦੰਦ ਨਹੀਂ ਪੈਦਾ ਹੋਏ। ਉਨੀ ਦੇਰ ਤਕ ਉਹ ਮਾਤਾ ਦੇ ਅਸਥਨਾਂ ਵਿਚ ਦੁਧ ਭੇਜਦਾ ਹੈ। ਇਹ ਵੀ ਉਸ ਦੀ ਕਲਾ ਦਾ ਨਮੂਨਾ ਹੈ। ਇਕ ਵਿਧੀ ਹੈ, ਮਰਿਆਦਾ ਹੈ। ਮਲ ਮੂਤਰ ਲਈ ਬਕਾਇਦਾ ਇਕ ਸੂਤਰ ਹੈ। ਸਾਧਨ ਤਿਆਰ ਕੀਤੇ ਹਨ। ਸਾਡਾ ਸਾਰਾ ਵਜੂਦ ਇਕ ਵਿਧੀ ਵਿਚ ਬਣਿਆ ਹੈ। ਸਾਰੇ ਜਗਤ ਦਾ ਜੀਵਨ ਕਿਸੇ ਵਿਧੀ

ਵਿਧਾਨ ਵਿਚ ਬੱਝਾ ਹੈ। ਇਕ ਤਰਤੀਬ ਨਾਲ ਖੜਾ ਹੈ।

ਪੁਤਰੀ ਤੇਰੀ ਬਿਧਿ ਕਰਿ ਥਾਟੀ॥ *(ਪੰਨਾ ੩੨੪)*

ਜੇ ਇਹ ਵਿਧੀ ਨਾ ਹੋਵੇ ਤਾਂ ਸਰੀਰਾਂ ਦੀ ਬਣਤਰ ਹੋਰ ਦੀ ਹੋਰ ਹੀ ਬਦਲ ਜਾਇਆ ਕਰੇ। ਲੱਤਾਂ, ਬਾਹਾਂ ਦੀ ਥਾਂ ਤੇ ਲੱਗ ਜਾਣ ਅਤੇ ਬਾਹਾਂ ਲੱਤਾਂ ਦੀ ਥਾਂ ਤੇ। ਦੰਦ ਸਿਰ ਤੇ ਹੋਣ ਤੇ ਨੱਕ ਕੰਨਾਂ ਦੀ ਥਾਂ ਤੇ ਹੋਵੇ। ਮਗਰ ਸਰੀਰ ਦੇ ਹਰੇਕ ਅੰਗ ਨੂੰ ਥਾਂ ਸਿਰ ਬਣਾਇਆ ਹੈ। ਹਰੇਕ ਸਰੀਰ ਦੀ ਬਣਤਰ ਇਕੋ ਵਿਧਾਨ ਵਿਚ ਹੈ। ਕਦੇ ਵੀ ਉਸ ਦੇ ਨਿਯਮ (ਵਿਧਾਨ) ਵਿਚ ਅਦਲਾ ਬਦਲੀ ਨਹੀਂ ਹੋਈ। ਸੋ ਇਹ ਸਾਰਾ ਸੰਸਾਰ ਪ੍ਰਮਾਤਮਾ ਦੀ ਕਲਾ ਦਾ ਵਿਸਥਾਰ ਹੈ। ਸਾਡਾ ਸਰੀਰ ਉਸਦੀ ਕੁਦਰਤ ਦਾ ਚਿੱਤਰ ਹੈ। ਇਹ ਚਿੱਤਰ ਕੁਝ ਸਰਗੁਣ ਤੇ ਕੁਝ ਨਿਰਗੁਣ ਦਾ ਜੋੜ ਹੈ। ਇਸ ਸਰਗੁਣ ਤੇ ਨਿਰਗੁਣ ਦੇ ਵਿਚਕਾਰ, ਉਹ ਪ੍ਰਭੂ ਆਪ ਆਸਣ ਲਾਈ ਬੈਠਾ ਹੈ। ਆਪਣੇ ਬਣਾਏ ਹੋਏ ਜਗਤ ਤਮਾਸ਼ੇ ਨੂੰ ਆਪ ਵੇਖਦਾ ਹੈ।

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

(ਪੰਨਾ ੪੬੩)

ਭਾਈ ਸਾਹਿਬ ਭਾਈ ਨੰਦ ਲਾਲ ਜੀ ਮਹਾਰਾਜ ਦਾ ਕਥਨ ਹੈ ਕਿ ਇਹ ਜੀਵ ਜਿੱਧਰ ਵੀ ਵੇਖਦਾ ਹੈ ਉਧਰ ਉਸ ਪਿਆਰੇ ਪ੍ਰਮਾਤਮਾ ਤੋਂ ਬਿਨਾ ਹੋਰ ਕੋਈ ਨਹੀਂ। ਹਰੇਕ ਦੇ ਨੈਣਾਂ ਦੇ ਝਰੋਖੇ ਵਿਚੋਂ ਪ੍ਰਭੂ ਹੀ ਝਾਕਦਾ ਹੈ। ਉਸੇ ਦੀ ਜੋਤ ਹੈ। ਅੱਖਾਂ ਤਾਂ ਇਕ ਝਰੋਖੇ ਹਨ। ਦੇਖਣਹਾਰ ਤਾਂ ਪ੍ਰਭੂ ਪਿਆਰਾ ਹੈ।

ਬਹਰ ਸੁਏ ਕਿ ਬੀਨਮ ਬਚਸ਼ਮ ਮਮ ਮਾਂ ਸ਼ਿਵਾ ਨਾਯਦ॥
ਹਮੇਸ਼ਹ ਨਕਸ਼ ਉ-ਦਰ ਜੀਦ ਹੇ ਮਾਬੂਦਹ ਮੇਂ ਬਾਸ਼ਦ॥

*(ਗਜ਼ਲ ਨੰ: ੨੫ ਦੀਵਾਨ-ਏ ਗੋਯਾ, ਭਾ: ਸ: ਭਾ: **ਨੰਦ ਲਾਲ ਜੀ**)*

ਭਾਈ ਗੁਰਦਾਸ ਜੀ ਮਹਾਰਾਜ ਦਾ ਕਹਿਣਾ ਹੈ ਕਿ ਓਅੰਕਾਰ ਸ਼ਬਦ ਹੀ ਆਤਮ ਰੂਪ ਹੋ ਕੇ ਸਾਰੇ ਪਸਾਰੇ ਵਿਚ ਲੀਨ ਹੈ।

ਓਅੰਕਾਰ ਅਕਾਰ ਕਰਿ ਪਉਣ ਪਾਣੀ ਬੈਸੰਤਰ ਧਾਰੇ॥
ਧਰਤਿ ਅਕਾਸ਼ ਵਿਛੋੜਿਅਨ ਚੰਦ ਸੂਰ ਦੁਇ ਜੋਤ ਸਵਾਰੇ॥
ਖਾਣੀ ਚਾਰਿ ਬੰਧਾਨ ਕਰ ਲਖ ਚੌਰਾਸੀ ਜੂਨਿ ਦੁਆਰੇ॥

ਇਕਸ ਇਕਸ ਜੂਨ ਵਿਚ ਜੀਅ ਜੰਤ ਅਗਣਤ ਆਪਾਰੇ॥

(ਵਾਰ ੪, ਪਉੜੀ ੧)

ਬੱਸ ਇਹ ਕਹਿਣਾ ਪਏਗਾ ਕਿ —

ਬਲਿਹਾਰੀ ਕੁਦਰਤਿ ਵਸਿਆ॥

ਤੇਰਾ ਅੰਤੁ ਨ ਜਾਈ ਲਖਿਆ॥ *(ਰਹਰਾਸਿ)*

ਕਰਤੇ ਕੁਦਰਤੀ ਮੁਸਤਾਕੁ...॥ *(ਪੰਨਾ ੭੨੪)*

ਕੁਦਰਤ ਉਹ ਕਲਾ ਹੈ, ਯਾਨਿ ਕਿ ਸ਼ਕਤੀ ਹੈ ਜਿਸ ਦੁਆਰਾ ਕਾਦਿਰ ਕਰੀਮ, ਸਰਬ ਵਿਆਪੀ ਹੋ ਕੇ, ਸਰਗੁਣ ਵਿਚ ਨਿਰਗੁਣ ਅਤੇ ਨਿਰਗੁਣ ਵਿਚ ਸਰਗੁਣ ਹੋ ਕੇ ਬੈਠ ਜਾਂਦਾ ਹੈ। ਫਿਰ ਉਸੇ ਆਸਣ ਤੇ ਬੈਠ ਕੇ ਆਪਣੀ ਬਣਾਈ ਹੋਈ ਰਚਨਾ ਨੂੰ ਬੜੀ ਪ੍ਰਸੰਨਤਾ ਨਾਲ ਤੱਕਦਾ ਹੈ। ਇਸ ਦਾ ਮਤਲਬ ਇਹ ਕਦਾਚਿੱਤ ਨਹੀਂ ਕਿ ਉਹ ਕਿਤੇ ਬੈਠ ਕੇ ਰਚਨਾ ਰਚਦਾ ਹੈ। ਬਲਕਿ ਸਾਡਾ ਆਪਣਾ ਵਜੂਦ ਹੀ ਉਸ ਦੀ ਰਚਨਾ ਹੈ ਅਤੇ ਸਾਡੇ ਵਿੱਚ ਬੈਠ ਕੇ ਹੀ ਉਹ ਸਾਨੂੰ ਅਤੇ ਸੰਸਾਰ ਨੂੰ ਵੇਖਦਾ ਹੈ। ਸਾਡੀਆਂ ਅੱਖਾਂ ਨਹੀਂ ਵੇਖਦੀਆਂ ਬਲਕਿ ਅੱਖਾਂ ਦੇ ਰਾਹੀਂ ਪ੍ਰਮਾਤਮਾ ਵੇਖਦਾ ਹੈ।

ਭਾਈ ਸਾਹਿਬ ਭਾ: ਨੰਦ ਲਾਲ ਜੀ ਦਾ ਕਥਨ ਹੈ ਕਿ ਅਕਾਲਪੁਰਖ, ਕੁਦਰਤ ਤੋਂ ਪ੍ਰਗਟ ਹੁੰਦਾ ਹੈ। ਕੁਦਰਤ ਵਿਚ ਆਪ ਕਰਤਾਰ ਵੱਸਦਾ ਹੈ। ਆਪਣੀ ਕਲਾ ਯਾਨੀ ਕਿ ਕੁਦਰਤ ਵਿਚ ਪੂਰਿਆ ਹੋਇਆ ਹੈ। ਇਸੇ ਕਰਕੇ ਹੀ ਉਸ ਦਾ ਨਾਮ "ਕਰਤਾ ਪੁਰਖੁ" ਹੈ —

ਕਾਦਰਿ ਮੁਤਲਕ ਬ ਕੁਦਰਤ ਜ਼ਾਹਿਰ ਅਸੁ॥

ਦਰਮਿਆਨੇ ਕੁਦਰਤੇ ਖ਼ੁਦ ਕਾਦਿਰ ਅਸੁ॥

ਸਾਡਾ ਸਰੀਰ ਸਰਗੁਣ ਹੈ। ਸਾਡੀ ਆਤਮਾ ਨਿਰਗੁਣ ਹੈ। ਆਤਮਾ ਪ੍ਰਮਾਤਮਾ ਦਾ ਹੀ ਇਕ ਛੋਟਾ ਰੂਪ ਹੈ। ਨਾਮ ਹੈ। ਇਸੇ ਨਾਮ ਦੇ ਅਧਾਰ ਤੇ ਸਾਰੇ ਸਰਗੁਣ ਸੰਸਾਰ ਦੀ ਸਿਰਜਣਾ ਉਸ ਸਿਰਜਣਹਾਰ ਪ੍ਰਭੂ ਨੇ ਸਿਰਜੀ ਹੈ। ਆਤਮ ਰੂਪ ਹੋ ਕੇ ਹੀ ਸਾਰੀ ਸ੍ਰਿਸ਼ਟੀ ਵਿਚ ਲੀਨ ਹੈ ਇਸੇ ਕਰਕੇ ਹੀ ਉਹ ਸਰਬ ਵਿਆਪੀ ਹੈ। ਇਹ ਵਿਸਥਾਰ ਪੂਰਵਕ ਗੁਰੂ ਅਰਜਨ ਦੇਵ ਜੀ ਨੇ ਬਿਆਨ ਕੀਤਾ ਹੈ—

ਨਾਮ ਕੇ ਧਾਰੇ ਸਗਲੇ ਜੰਤ॥

ਨਾਮ ਕੇ ਧਾਰੇ ਖੰਡ ਬ੍ਰਹਮੰਡ॥

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥
ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ...॥

(ਪੰਨਾ ੨੮੪)

ਸੋ ਸਰਬ ਵਿਆਪਕ ਨਾਮ, ਆਤਮਾ ਹੀ ਹੈ। ਆਤਮਾ ਇਸ ਸ੍ਰਿਸ਼ਟੀ ਵਿਚ ਇਸ ਤਰ੍ਹਾਂ ਪ੍ਰੋਈ ਹੋਈ ਹੈ। ਜਿਵੇਂ ਮਾਲਾ ਦੇ ਮਣਕਿਆਂ ਵਿਚ ਸੂਤ ਦੀ ਡੋਰੀ ਪ੍ਰੋਈ ਹੁੰਦੀ ਹੈ।

ਸਗਲ ਪਰੋਈ ਅਪੁਨੈ ਸੂਤਿ॥ *(ਪੰਨਾ ੨੮੪)*

ਓਅੰ ਗੁਰਮੁਖਿ ਕੀਓ ਅਕਾਰਾ॥
ਏਕਹਿ ਸੂਤ ਪਰੋਵਨਹਾਰਾ॥ *(ਪੰਨਾ ੨੫੦)*

ਜਿਵੇਂ ਮਾਲਾ ਵਿਚੋਂ ਸੂਤਰ ਦੀ ਡੋਰੀ ਖਿੱਚ ਲਈ ਜਾਵੇ ਤਾਂ ਮਾਲਾ ਦਾ ਸਰੂਪ ਖੇਰੂੰ ਖੇਰੂੰ ਹੋ ਕੇ, ਮਣਕੇ ਬਿਖਰ ਜਾਂਦੇ ਹਨ। ਇਵੇਂ ਹੀ ਸਰਬ ਵਿਆਪਕ ਨਾਮ ਯਾਨੀ ਕਿ ਆਤਮਾ ਨੂੰ ਜਦੋਂ ਪਰੀ ਪੂਰਨ ਪ੍ਰਮਾਤਮਾ, ਆਪਣੀ ਨਿਰਗੁਣਤਾ ਵਿਚ ਖਿੱਚ ਲੈਂਦਾ ਹੈ ਤਾਂ ਸੰਸਾਰ ਦਾ ਸਰੂਪ ਖੇਰੂੰ ਖੇਰੂੰ ਹੋਕੇ, ਸਰੀਰਾਂ ਰੂਪ ਮਣਕੇ ਬਿਖਰ ਜਾਂਦੇ ਹਨ।

ਸੋ ਪ੍ਰਭੂ ਆਪ ਹੀ ਸੂਤ ਹੈ ਤੇ ਆਪ ਹੀ ਬਹੁਤ ਪ੍ਰਕਾਰ ਦੇ ਮਣਕੇ ਹੈ। ਆਪਣੀ ਸ਼ਕਤੀ ਨਾਲ ਹੀ ਸਰੀਰਾਂ ਰੂਪ ਮਣਕਿਆਂ ਨੂੰ ਸੰਸਾਰ ਵਿੱਚ ਪਰੋ ਕੇ ਰਖਦਾ ਹੈ। ਆਪ ਹੀ ਉਸ ਸੂਤ ਦੀ ਡੋਰੀ ਨੂੰ ਬੰਨ੍ਹ (ਸੰਭਾਲ) ਕੇ ਰੱਖਦਾ ਹੈ। ਜਦੋਂ ਉਹ ਸੂਤ ਦੀ ਡੋਰੀ ਖਿੱਚਦਾ ਹੈ ਤਾਂ ਸਾਰੀ ਹੋਂਦ ਢਹਿ ਢੇਰੀ ਹੋ ਜਾਂਦੀ ਹੈ—

ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ॥
ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ॥੧॥

(ਪੰਨਾ ੬੦੪)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਕਹਿਣਾ ਹੈ ਕਿ ਉਹ ਪ੍ਰਭੂ ਸਰਬ ਦਾ ਜਾਨਣਹਾਰ ਹੈ। ਅੰਤਰਜਾਮੀ ਹੈ। ਜਦੋਂ ਉਹ ਪ੍ਰਭੂ ਆਪਣੀ

ਉਦਕਰਖ ਸ਼ਕਤੀ ਵਰਤਾਉਂਦਾ ਹੈ ਤਾਂ ਇਹ ਪਰਜਾ, ਧਰਤੀ ਤੇ ਸਭ ਪ੍ਰਕਾਰ ਦੇ ਅਕਾਰ, ਹੋਂਦ ਵਿਚ ਆਉਂਦੇ ਹਨ। ਪਰ ਜਦੋਂ ਉਹ ਆਕਰਖ ਸ਼ਕਤੀ ਵਰਤਾਉਂਦਾ ਹੈ ਤਾਂ ਸਭ ਕਾਇਨਾਤ ਉਸੇ ਵਿਚ ਵਿਲੀਨ ਹੋ ਜਾਂਦੀ ਹੈ।

ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮੈ ਮਿਲਤ ਦੇਹ ਧਰ ਸਭਹੂੰ॥੧੩॥ *(ਚੌਪਈ ਪਾ: ੧੦)*

ਨਿਰਗੁਣੇ ਸਰੂਪ
ਅਤੇ
ਕੁਦਰਤ ਦੀ ਕਲਾ

ਸੰਸਾਰ ਦੀ ਸਾਰੀ ਕ੍ਰਿਤ ਪ੍ਰਮਾਤਮਾ ਦੀ ਉਸ ਨਿਰਗੁਣ ਕਲਾ ਦੇ ਸਹਾਰੇ ਚਲਦੀ ਹੈ। ਉਸ ਨਿਰਗੁਣ ਕਲਾ ਜਾਂ ਕੁਦਰਤ ਦੇ ਦੋ ਪਹਿਲੂ ਹਨ। ਜਿਵੇਂ ਇਕ ਸਿੱਕੇ ਦੇ ਦੋ ਪਹਿਲੂ (ਪਾਸੇ) ਹੁੰਦੇ ਹਨ। ਇਸ ਤਰ੍ਹਾਂ ਹੀ ਉਸ ਕਰਤਾ ਪੁਰਖ ਦੀ ਕੁਦਰਤ ਦੇ ਜਾਂ ਕਲਾ ਦੇ ਦੋ ਪਾਸੇ ਹਨ। ਪਹਿਲੂ ਹਨ। ਇਕ ਪਹਿਲੂ ਦਾ ਨਾਮ "ਮਨ" ਹੈ। ਦੂਜੇ ਪਹਿਲੂ ਦਾ ਨਾਮ ਆਤਮਾ ਹੈ। ਮਨ ਨੂੰ ਦੂਜੇ ਸ਼ਬਦਾਂ ਵਿਚ ਅਸੀਂ "ਹਉਮੈ" ਵੀ ਆਖ ਸਕਦੇ ਹਾਂ। ਆਤਮਾ ਦਾ ਮੁਖ ਪ੍ਰਮਾਤਮਾ ਵੱਲ ਹੈ। ਮਨ ਦਾ ਮੁਖ ਸੰਸਾਰ ਵੱਲ ਹੈ। ਜਾਂ ਇਸ ਤਰ੍ਹਾਂ ਵੀ ਸਮਝ ਲਈਏ ਕਿ ਆਤਮਾ ਅੰਤਰਮੁਖੀ ਹੈ। ਮਨ ਬਾਹਰ ਮੁਖੀ ਹੈ। ਸਾਡਾ ਸਰੀਰ ਮਨ ਦੇ ਕੰਟਰੋਲ (ਹੁਕਮ) ਵਿਚ ਕਰਮ ਕਰਦਾ। ਮਗਰ ਸਾਰਾ ਸਰੀਰ ਮਨ ਦੇ ਕੰਟਰੋਲ ਵਿਚ ਨਹੀਂ ਹੈ। ਸਿਰਫ਼ ਇੰਦਰੇ ਹੀ ਮਨ ਦੇ ਕੰਟਰੋਲ ਵਿਚ ਹਨ। ਸਾਡੇ ਸੁਆਸ ਸੈਭੰ ਹਨ। ਆਪਣੇ ਆਪ ਚਲਦੇ ਹਨ। ਸਰੀਰ ਦੀ ਭੁਖ ਪਿਆਸ ਅਤੇ ਨੀਂਦ ਵੀ ਸੈਭੰ ਹੈ। ਯਾਨੀ ਕਿ ਆਪਣੇ ਆਪ ਹੀ ਹੈ। ਸਰੀਰ ਦਾ ਅਕਾਰ ਆਪੇ ਹੀ ਬਚਪਨ ਤੋਂ ਬਜ਼ੁਰਗੀ ਵੱਲ ਵਧਦਾ ਹੈ। ਕਹਿਣ ਦਾ ਮਤਲਬ ਹੈ ਕਿ ਮਨ ਦਾ ਹੁਕਮ ਸਾਡੇ ਸਾਰੇ ਇੰਦਰੇ ਬਾਹਰ ਮੁਖੀ ਕਬੂਲਦੇ ਹਨ। ਮਨ, ਆਤਮਾ ਨਾਲੋਂ ਆਪਣੀ ਹੋਂਦ ਵੱਖਰੀ ਸਮਝਦਾ ਹੈ। ਹਾਲਾਂਕਿ ਮਨ, ਆਤਮਾ ਦਾ ਹੀ ਦੂਜਾ ਪਹਿਲੂ ਹੈ।

ਮਨ ਸਰੀਰ ਦੀ ਹੋਂਦ ਅਤੇ ਸੰਸਾਰ ਦੀ ਹਸਤੀ ਨੂੰ ਹੀ ਸਭ ਕੁਝ ਮੰਨਣ ਦਾ ਯਕੀਨ ਕਰਦਾ ਹੈ। ਇਸ ਵਿਚ ਹੀ ਮਨ ਆਪਣੀ ਹਸਤੀ ਕਾਇਮ ਰਖਦਾ ਹੈ। ਮਨ ਦੀ ਧਾਰਨਾ ਹੀ ਮਨ ਨੂੰ ਹਉਮੈ ਵਿਚ ਬਦਲ ਦਿੰਦੀ ਹੈ। ਇਸ ਤਰ੍ਹਾਂ ਇਹ ਦੋਵੇਂ ਕੁਦਰਤ ਦੇ ਪਹਿਲੂ ਹਨ। ਆਤਮਾ ਪ੍ਰਮਾਤਮਾ ਦਾ ਨਾਮ ਹੈ ਅਤੇ ਮਨ, ਹਉਮੈ ਦਾ ਨਾਮ ਹੈ। ਇਸੇ ਹੀ ਢੰਗ ਨਾਲ ਦੋਵੇਂ ਇਕੋ ਕੁਦਰਤ ਦੀ ਦੇਣ ਹੋਣ ਕਰਕੇ ਇਕੋ ਥਾਂ ਵੱਸਦੇ ਹੋਏ ਵੀ ਇਕੱਠੇ ਨਹੀਂ ਹਨ।

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥ *(ਪੰਨਾ ੫੬੦)*

ਮਨ ਸੰਸਾਰ ਨੂੰ ਹਸਤੀ ਮੰਨਦਾ ਹੈ ਅਤੇ ਆਤਮਾ ਪ੍ਰਮਾਤਮਾ ਦਾ ਹੀ ਅਸਰ ਕਬੂਲਦੀ ਹੈ। ਮਨ ਆਪਣੀ ਹਸਤੀ ਹਮੇਸ਼ਾ ਹੀ ਬਣਾਈ ਰਖਣੀ ਚਾਹੁੰਦਾ ਹੈ ਕਿ "ਮੈਂ ਕੁਝ ਹਾਂ।" ਇਹੀ ਕਾਰਨ ਹੈ ਕਿ ਮਨ ਆਪਣੇ ਮੂਲ ਆਤਮ ਸਰੂਪ ਨੂੰ ਪਛਾਣਦਾ ਨਹੀਂ। ਕਿਉਂਕਿ ਪ੍ਰਕਾਸ਼ ਦੇ ਸਾਹਮਣੇ ਅੰਧੇਰੇ ਦੀ ਹਸਤੀ ਮਿਟ ਜਾਂਦੀ ਹੈ। ਭਾਵ ਕਿ ਮਨ, ਜੋਤ ਸਰੂਪ ਵਿਚ ਲੀਨ ਹੋਕੇ ਮਿਟ ਹੀ ਜਾਂਦਾ ਹੈ। ਮਨ ਦੀ ਮੌਤ ਹੀ ਆਤਮਾ ਦੀ ਉਜਾਗਰਤਾ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ *(ਪੰਨਾ ੪੪੧)*

ਮਨ ਵਿੱਚ ਇਸ ਭਰਮ ਦਾ ਪੈਦਾ ਹੋਣਾ ਕਿ ਮੈਂ ਕੁਝ ਹਾਂ। ਇਹੀ ਦੀਰਘ ਰੋਗ ਹੈ। ਮਨ ਵਿਚ ਹੀ ਇਸ ਖ਼ਤਰਨਾਕ ਰੋਗ ਦਾ ਇਲਾਜ ਹੈ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥

ਇਸ ਹਉਮੈ ਦੇ ਦੀਰਘ ਰੋਗ ਦਾ ਇਲਾਜ ਹੈ, "ਗੁਰੂ ਦਾ ਸ਼ਬਦ ਮੰਤਰ"। ਗੁਰੂ ਕ੍ਰਿਪਾ ਦੁਆਰਾ "ਸ਼ਬਦ ਵਿਧੀ ਦਾ ਪਤਾ ਲਗ ਜਾਏ"। ਉਸ ਅਭਿਆਸ ਨਾਲ ਗੱਲ ਬਣ ਸਕਦੀ ਹੈ। ਗੁਰਮੰਤਰ ਦੁਆਰਾ ਮਨ, ਆਤਮਾ ਵਿਚ ਉਤਰਨ ਦਾ ਜਤਨ ਕਰੇਗਾ। ਸਹਿਜੇ-ਸਹਿਜੇ ਆਤਮਾ ਵਿਚ ਹੀ ਲੀਨ ਹੋ ਜਾਏਗਾ।

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
(ਪੰਨਾ ੪੬੬)

ਮਨ ਤੇ ਆਤਮਾ ਦੋਵੇਂ ਇਕ ਦੂਜੇ ਦੇ ਵਿਰੋਧੀ ਹਨ। ਦੋਵੇਂ ਇਕੋ ਸਮੇਂ ਇਕੱਠੇ ਹੁੰਦਿਆਂ ਹੋਇਆਂ ਵੀ, "ਆਤਮਾ", ਪ੍ਰਕਾਸ਼ ਹੈ ਅਤੇ "ਮਨ", ਅੰਧੇਰਾ ਹੈ। ਆਤਮਾ ਪ੍ਰਮਾਤਮਾ ਦਾ ਨਾਮ ਹੈ। ਨਾਮ ਇਸ ਸੰਸਾਰ ਦੇ ਅਨੇਕ ਤਰ੍ਹਾਂ ਦੇ ਪਸਾਰੇ ਨੂੰ ਜੋੜਦਾ ਹੈ। ਦੂਜੇ ਰੂਪ ਵਿਚ ਕਿ ਨਾਮ, ਸਰਬ ਵਿਆਪੀ ਸ਼ਕਤੀ ਹੈ। ਜੋ ਹਰ ਥਾਂ ਭਰਪੂਰ ਹੋ ਕੇ ਘਟ ਘਟ ਨੂੰ ਧਾਰਦਾ ਹੈ।

ਘਟ ਘਟ ਅੰਤਰਿ ਸਰਬ ਨਿਰੰਤਰਿ ਸਾਚਾ ਸਿਰਜਣਹਾਰੁ ਜੀਉ॥
(ਪੰਨਾ ੯੬੬)

"ਮਨ" ਕੁਦਰਤ ਦਾ ਉਹ ਨਿਯਮ ਹੈ ਜੋ ਰੱਬੀ ਏਕਤਾ ਨੂੰ ਤਰ੍ਹਾਂ ਤਰ੍ਹਾਂ ਦੇ ਟੁਕੜੇ ਮੰਨ ਕੇ ਤੋੜਦਾ ਹੈ। ਯਾਨਿ ਕਿ ਵੰਡਦਾ ਹੈ। ਆਪਣੇ ਆਪ ਨੂੰ

ਪ੍ਰਮਾਤਮਾ ਤੋਂ ਵੱਖਰਾ ਹੋਣ ਦਾ ਦਾਅ੍ਵਾ ਕਰਦਾ ਹੈ। ਮਨ, ਸਰੀਰ ਕੋਲੋਂ ਅਜਿਹੇ ਕਰਮ ਕਰਵਾਉਂਦਾ ਹੈ, ਜਿਸ ਨਾਲ ਇਸ ਦੇ ਆਪਣੇਪਣ ਦੀ ਹੋਂਦ ਵਧ ਸਕੇ। ਅਪਣੱਤ ਦੇ ਸਹਾਰੇ ਹਉਮੈ ਨੂੰ ਵਧਾਉਂਦਾ ਹੈ। ਯਾਨੀ ਕਿ ਮੈਂ ਕੁਝ ਹਾਂ। ਹਉਮੈ ਵੱਸ ਕੀਤੇ ਹੋਏ ਕਰਮ, ਗੁਣਾਂ ਨੂੰ ਵੀ ਅਵਗੁਣਾਂ ਵਿਚ ਬਦਲ ਦੇਂਦੇ ਹਨ। ਦੂਜੇ ਰੂਪ ਵਿਚ ਕਿ ਮਨ ਵੱਸ ਕੀਤੇ ਕੰਮ, ਜ਼ਿਆਦਾ ਅਉਗਣ ਭਰਪੂਰ ਹੁੰਦੇ ਹਨ। ਅਉਗਣ ਜਿੰਨੇ ਜ਼ਿਆਦਾ ਹੋਣਗੇ ਉਨੇ ਜ਼ਿਆਦਾ ਬੰਧਨ ਹੋਣਗੇ। ਆਤਮਕ ਯਾਤਰਾ ਵਿੱਚ, ਪੈਰਾਂ ਲਈ ਜ਼ੰਜੀਰ ਹੋਣਗੇ।

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥ *(ਪੰਨਾ ੫੯੫)*

ਹਉਮੈ ਵੱਸ ਕੀਤੇ ਹੋਏ ਕਰਮ, ਇਕ ਕਰੜੀ ਜ਼ੰਜੀਰ ਬਣਦੇ ਹਨ। ਜੀਵ ਦੇ ਜੰਮਣ ਮਰਨ ਦਾ ਲੰਬਾ ਸਫ਼ਰ ਬਣਾਉਂਦੇ ਹਨ।

ਹਉ ਹਉ ਕਰਮ ਕਮਾਣੇ॥ ਤੇ ਤੇ ਬੰਧ ਗਲਾਣੇ॥
ਮੇਰੀ ਮੇਰੀ ਧਾਰੀ॥ ਓਹਾ ਪੈਰਿ ਲੋਹਾਰੀ॥ *(ਪੰਨਾ ੧੦੦੪)*

ਆਤਮਾ ਵਿਚੋਂ ਸਾਰੇ ਦੈਵੀ ਫੁਰਨੇ ਫੁਰਦੇ ਹਨ। ਮਨ ਵਿਚੋਂ ਮਾਇਕ (ਸੰਸਾਰਕ) ਫੁਰਨੇ ਫੁਰਦੇ ਹਨ। ਇਸ ਮਨ ਵਿਚ ਸ਼ਕਤੀ ਬਹੁਤ ਹੈ। ਇਸੇ ਮਨ ਨੇ ਸੰਸਾਰਕ ਤੇ ਵਿਵਹਾਰਕ ਕੰਮ ਕਰਨੇ ਹਨ। ਇਹੀ ਮਨ ਧਾਰਮਕ ਤੇ ਦੈਵੀ ਕੰਮ ਕਰ ਸਕਦਾ ਹੈ। ਇਸ ਮਨ ਦੀ ਪੈਦਾਇਸ਼ ਉਥੇ ਹੀ ਹੈ ਜਿਥੇ ਆਤਮਾ ਹੈ। ਪਰ ਮਨ ਸਰੀਰ ਵਿਚ ਕੰਮ ਕਰ ਰਹੇ ਪੰਜ ਤੱਤਾਂ ਦਾ ਅਸਰ ਕਬੂਲਦਾ ਹੈ। ਇਸ ਕਰਕੇ ਹੀ ਇਸ ਦਾ ਬਹੁਤਾ ਝੁਕਾ ਸਰੀਰਕ ਇੰਦਰਿਆਂ ਉਪਰ ਹੈ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ ਕਿ —

ਇਹੁ ਮਨੁ ਕਰਮਾ ਇਹੁ ਮਨੁ ਧਰਮਾ॥
ਇਹੁ ਮਨੁ ਪੰਚ ਤਤੁ ਤੇ ਜਨਮਾ॥ *(ਪੰਨਾ ੪੧੫)*

ਇਹ ਸਰੀਰ ਪੰਜ ਤੱਤਾਂ ਦਾ ਜੋੜ ਜੁੜ ਕੇ ਇਕ ਕੋਠੜੀ ਬਣੀ ਹੈ। ਇਸ ਕੋਠੜੀ ਵਿਚ, ਅੱਗ, ਪਾਣੀ, ਮਿੱਟੀ, ਹਵਾ ਤੇ ਅਕਾਸ਼ ਆਦਿ ਪੰਜ ਤੱਤਾਂ ਦੀ ਹੋਂਦ ਹੈ। ਇਨ੍ਹਾਂ ਹੀ ਪੰਜਾਂ ਤੱਤਾਂ ਦੀ ਸੂਖਸ਼ਮ ਮੇਲ ਜੋ ਆਤਮਾ ਦੇ ਤਲ ਉਪਰ ਹੈ, ਉਸ ਦਾ ਨਾਮ ਮਨ ਹੈ। ਸੋ ਇਸ ਢੰਗ ਨਾਲ ਇਹ ਮਨ ਪੰਜ ਤੱਤਾਂ ਦੀ ਹੀ ਪੈਦਾਇਸ਼ ਮੰਨੀ ਜਾ ਸਕਦੀ ਹੈ। ਇਸ ਨੂੰ ਅਸੀਂ ਜੀਵਾਤਮਾ ਦਾ ਨਾਮ ਵੀ ਦੇ ਸਕਦੇ ਹਾਂ। ਜੀਵਾਤਮਾ ਸਰੀਰ ਦਾ ਅਸਰ ਜ਼ਿਆਦਾ ਕਬੂਲਦੀ ਹੈ। ਇਸ ਕਰਕੇ ਜੀਵਾਤਮਾ ਦਾ ਸੰਸਾਰ ਨਾਲ

ਅਪਣਾਪਣ ਯਾਨੀ ਕਿ ਮੋਹ ਤੇ ਮਮਤਵ ਜ਼ਿਆਦਾ ਵਧਦਾ ਹੈ। ਜਿੰਨਾ ਸੰਸਾਰ ਨਾਲ ਮਮਤਵ ਜ਼ਿਆਦਾ ਵਧਦਾ ਹੈ, ਉਨੀ ਪ੍ਰਮਾਤਮਾ ਨਾਲ ਦੂਰੀ ਵਧਦੀ ਜਾਂਦੀ ਹੈ।

ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਮੂਲ ਰੂਪ ਵਿਚ ਤਾਂ ਕਰਤਾ ਪੁਰਖ ਕਰਤਾਰ ਨੇ ਪੰਜ ਤੱਤਾਂ ਨਾਲ ਮੋਹ ਕੀਤਾ ਹੈ। ਉਨ੍ਹਾਂ ਪੰਜਾਂ ਤੱਤਾਂ ਦਾ ਨਿਵਾਸ ਅਸਥਾਨ ਯਾਨੀ ਕਿ ਸਰੀਰ ਬਣਾਕੇ ਉਸ ਵਿਚ ਆਪ ਹੀ ਆਤਮਰੂਪ ਹੋ ਕੇ ਨਿਵਾਸ ਕਰ ਲਿਆ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਪੰਨਾ ੪੬੩)

ਪਹਿਲਾਂ ਤਾਂ ਕਰਤਾ ਪੁਰਖ ਕਰਤਾਰ ਨੇ ਇਸ ਪੰਜ ਭੂਤਕ ਸਰੀਰ ਦੇ ਪੰਜ ਤੱਤਾਂ (ਭੂਤਾਂ) ਨਾਲ ਹੀ ਮੋਹ ਕਰ ਕੇ ਪੰਜਾਂ ਤੋਂ ਸ੍ਰਿਸ਼ਟੀ ਸਾਜੀ ਹੈ।

ਮੂਲ ਮੋਹੁ ਕਰਿ ਕਰਤੇ ਜਗਤੁ ਉਪਾਇਆ॥ *(ਪੰਨਾ ੧੧੨੮)*

ਫਿਰ ਇਨ੍ਹਾਂ ਪੰਜਾਂ ਤੱਤਾਂ ਦੇ ਨਿਵਾਸ ਅਸਥਾਨ ਵਿਚ ਨਿਵਾਸ ਹੋਣ ਕਰਕੇ, ਜੀਵਾਤਮਾ ਦੀ ਸੰਸਾਰ ਪ੍ਰਤੀ ਨੇੜਤਾ ਇੰਨੀ ਵਧ ਗਈ ਹੈ ਕਿ ਜੀਵਾਤਮਾ ਦਾ ਇਹ ਸਬੰਧ ਟੁੱਟ ਹੀ ਗਿਆ ਹੈ ਕਿ ਮੇਰਾ ਮੂਲ ਸਰੂਪ ਅਸਲਾ ਕੁਝ ਹੋਰ ਹੈ। ਜੀਵਾਤਮਾ ਇਸ ਸਰੀਰ ਤੇ ਸੰਸਾਰ ਨੂੰ ਸਭ ਕੁਝ ਸਮਝ ਬੈਠੀ ਹੈ।

ਪਰ ਇਹ ਸਰੀਰ ਸਿਰਫ਼ ਇਕ ਹੱਦ ਤਕ ਸਾਡਾ ਨਿਵਾਸ ਅਸਥਾਨ ਹੈ। ਅਸੀਂ ਇਸ ਦੇ ਮਾਲਕ ਹਾਂ। ਸਰੀਰ ਸਾਡਾ ਮਾਲਕ ਨਹੀਂ। ਜਿਵੇਂ ਇਕ ਮਕਾਨ ਬਣਾਇਆ ਜਾਵੇ ਤਾਂ ਮਕਾਨ ਅਸੀਂ ਆਪਣੇ ਵਾਸਤੇ ਬਣਾਉਂਦੇ ਹਾਂ। ਅਸੀਂ ਖ਼ੁਦ ਮਕਾਨ ਵਾਸਤੇ ਨਹੀਂ ਬਣਦੇ। ਦਰਅਸਲ ਕੁਦਰਤ ਦਾ ਇਹ ਨਿਯਮ, ਬੰਦੇ ਦੀ ਸਮਝ ਵਿਚ ਨਹੀਂ ਆ ਰਿਹਾ।

ਇਕ ਕਥਾ ਹੈ — ਇਕ ਮਹਾਤਮਾ ਕੁਝ ਬੰਦਿਆਂ ਦੀ ਮਹਿਫ਼ਲ ਵਿਚ ਬੈਠਾ ਸੀ। ਨੇੜਿਓਂ ਦੀ ਇਕ ਆਦਮੀ ਗਾਂ ਦਾ ਰੱਸਾ ਫੜਿਆ ਹੋਇਆ ਤੇ ਲੰਘਿਆ। ਉਸ ਮਹਾਤਮਾ ਨੇ ਸਾਥੀਆਂ ਕੋਲੋਂ ਪੁਛਿਆ ਕਿ ਦਸੋ! ਇਹ ਗਾਂ ਨੂੰ ਬੰਦਾ ਲੈ ਕੇ ਜਾ ਰਿਹਾ ਹੈ ਕਿ ਗਾਂ ਬੰਦੇ ਨੂੰ ਲੈ ਕੇ ਜਾ ਰਹੀ ਹੈ? ਸਾਰੇ ਕਹਿਣ ਲਗੇ ਕਿ ਇਹ ਤਾਂ ਸਾਹਮਣੇ ਸਭ ਨੂੰ ਦਿਸਦਾ ਹੈ ਕਿ ਗਾਂ ਦੀ ਡੋਰੀ ਬੰਦੇ ਦੇ ਹੱਥ ਵਿੱਚ ਹੈ। ਫਿਰ ਬੰਦਾ ਹੀ ਗਾਂ ਨੂੰ ਲੈ ਕੇ ਜਾ ਰਿਹਾ ਹੈ। ਉਹ ਮਹਾਤਮਾ ਕਹਿਣ ਲਗੇ। ਜੇ ਇਹ ਗਾਂ ਆਪਣੀ ਡੋਰੀ ਬੰਦੇ ਦੇ ਹਥੋਂ ਛੁਡਵਾ ਕੇ ਦੌੜ ਜਾਵੇ ਤਾਂ ਦਸੋ! ਕਿ ਬੰਦਾ ਗਾਂ ਨੂੰ ਫੜਨ ਵਾਸਤੇ ਦੌੜੇਗਾ ਕਿ ਨਹੀਂ?

ਸਾਰੇ ਕਹਿਣ ਲਗੇ ਹਾਂ ਜੀ! ਬੰਦਾ ਗਾਂ ਦੇ ਪਿਛੇ ਦੌੜੇਗਾ। ਫਿਰ ਉਸ ਮਹਾਤਮਾ ਨੇ ਕਿਹਾ ਕਿ "ਜੇ ਬੰਦਾ ਗਾਂ ਨੂੰ ਛੱਡ ਕੇ ਦੌੜ ਜਾਵੇ ਕੀ ਗਾਂ ਬੰਦੇ ਦੇ ਪਿਛੇ ਦੌੜੇਗੀ? ਸਾਰੇ ਕਹਿਣ ਲਗੇ ਕਿ ਗਾਂ ਨੂੰ ਕੀ ਜ਼ਰੂਰਤ ਹੈ? ਜੋ ਉਹ ਬੰਦੇ ਪਿਛੇ ਦੌੜੇ। ਯਾਨੀ ਕਿ ਗਾਂ ਬੰਦੇ ਪਿਛੇ ਨਹੀਂ ਦੌੜੇਗੀ।

ਫਿਰ ਉਹ ਮਹਾਤਮਾ ਸਾਰਿਆਂ ਨੂੰ ਕਹਿਣ ਲਗੇ ਕਿ ਬੰਦਾ ਗਾਂ ਨੂੰ ਨਹੀਂ ਲਿਜਾ ਰਿਹਾ। ਬਲਕਿ ਗਾਂ ਹੀ ਬੰਦੇ ਨੂੰ ਲਈ ਜਾ ਰਹੀ ਹੈ।

ਇਹੀ ਹਕੀਕਤ ਸਾਡੀ ਜੀਵਾਤਮਾ ਦੀ ਹੈ। ਜੀਵਾਤਮਾ ਇਸ ਸਰੀਰ ਦੀ ਗ਼ੁਲਾਮ ਹੋ ਗਈ ਹੈ। ਜਦੋਂ ਕਿ ਸਰੀਰ ਰਾਹੀਂ ਜੀਵਾਤਮਾ ਨੇ ਪ੍ਰਮਾਤਮਾ ਤਕ ਪਹੁੰਚਣਾ ਸੀ। ਪਰ ਇਹ ਸਰੀਰ ਰੂਪੀ ਗਾਂ ਸੰਸਾਰ ਦੀ ਤਰਫ਼ ਹੀ ਦੌੜਦੀ ਹੈ ਤੇ ਜੀਵਾਤਮਾ ਸਰੀਰ ਦੇ ਸੁਖਾਂ ਲਈ ਸਰੀਰ ਦੇ ਪਿਛੇ ਦੌੜਦੀ ਹੈ। ਇਹ ਦੌੜ ਇੰਨੀ ਤੇਜ਼ੀ ਨਾਲ ਚਲਦੀ ਹੈ ਕਿ ਹਰ ਪਲ ਜੀਵਾਤਮਾ ਪ੍ਰਮਾਤਮਾ ਤੋਂ ਦੂਰ ਜਾਈ ਜਾ ਰਹੀ ਹੈ। ਇਸ ਸੰਸਾਰ ਤੇ ਸਰੀਰ ਦੇ ਮਮਤਵ ਨੇ ਜੀਵਾਤਮਾ ਨੂੰ ਇਸ ਤਰ੍ਹਾਂ ਭੁਲਾਇਆ ਹੈ। ਇਸ ਭੁੱਲ ਦਾ ਜ਼ਿਕਰ ਗੁਰੂ ਅਮਰਦਾਸ ਜੀ ਮਹਾਰਾਜ ਇਸ ਤਰ੍ਹਾਂ ਕਰਦੇ ਹਨ —

ਮਮਤਾ ਲਾਇ ਭਰਮਿ ਭੋੁਲਾਇਆ॥੨॥ *(ਪੰਨਾ ੧੧੨੮)*

ਇਹ ਮਨ, ਸਰੀਰ ਦੀ ਇੰਨੀ ਜ਼ਿਆਦਾ ਚਾਹਤ ਕਰਦਾ ਹੈ। ਖਿੱਚ ਕਰਦਾ ਹੈ ਕਿ ਇਸ ਮਨ ਵਿਚੋਂ ਸਰੀਰ ਦੀਆਂ ਕਾਮਨਾਂ ਤੇ ਹਉਮੈਂ ਦੀ ਪੂਰਤੀ ਵਾਸਤੇ ਅਨੇਕਾਂ ਪ੍ਰਕਾਰ ਦੀਆਂ ਤਰੰਗਾਂ ਉਠਦੀਆਂ ਹਨ। ਤਰੰਗਾਂ ਨਾ ਕਹੀਏ ਬਲਕਿ ਕਾਮ, ਕ੍ਰੋਧ, ਲੋਭ ਮੋਹ ਅਤੇ ਹੰਕਾਰ ਦੇ ਤਾਂ ਤੂਫ਼ਾਨ ਉਠਦੇ ਹਨ। ਇਨ੍ਹਾਂ ਤੂਫ਼ਾਨਾਂ ਵਿਚੋਂ ਨਿੰਦਾ, ਚੁਗਲੀ, ਤ੍ਰਿਸ਼ਨਾ, ਆਸਾ ਮਨਸਾ ਤੇ ਹੋਰ ਅਨੇਕਾਂ ਵਾਸ਼ਨਾਵਾਂ ਦੀਆਂ ਤਰੰਗਾਂ ਉਠਦੀਆਂ ਹਨ, ਇਨ੍ਹਾਂ ਤਰੰਗਾਂ ਦੀ ਥਰਥਰਾਹਟ ਨਾਲ ਮਨ ਇਕਾਗਰ ਤਾਂ ਕਦੀ ਹੋ ਹੀ ਨਹੀਂ ਸਕਦਾ। ਇਸੇ ਵਜ੍ਹਾ ਕਰ ਕੇ ਮੋਖਸ਼ ਦੁਆਰ ਦਾ ਪਤਾ ਨਹੀਂ ਲਗਦਾ।

ਮਨ ਕੇ ਅਧਿਕ ਤਰੰਗ
ਕਿਉ ਦਰਿ ਸਾਹਿਬ ਛੁਟੀਐ॥ *(ਪੰਨਾ ੧੦੮੮)*

ਜਦੋਂ ਮਨ ਨੂੰ ਮੂਲ ਦੁਆਰ ਨਹੀਂ ਮਿਲਦਾ ਤਾਂ ਇਹ ਮਨ ਸਰੀਰ ਦੇ ਨੌਂ ਦਰਵਾਜ਼ਿਆਂ ਦੁਆਰਾ ਅਤੇ ਹੋਰ ਅਨੇਕਾਂ ਛੁਰਨਿਆਂ ਰਾਹੀਂ ਸੰਸਾਰ ਦੀ ਖਿੱਚ ਕਰਦਾ ਹੈ। ਜਦੋਂ ਸਰੀਰ, ਸਰੀਰ ਦੀ ਖਿੱਚ ਕਰਦਾ ਹੈ ਤਾਂ ਉਸ ਦਾ ਕਾਰਨ

ਵੀ ਵਾਸ਼ਨਾਵਾਂ ਦੀਆਂ ਤਰੰਗਾਂ ਹੀ ਹਨ। ਇਸੇ ਖਿੱਚ ਦੇ ਕਾਰਨ ਹੀ ਜੀਵਾਤਮਾ ਇਕ ਸਰੀਰ ਛੱਡਦੀ ਹੈ ਅਤੇ ਦੂਜਾ ਨਵਾਂ ਸਰੀਰ ਧਾਰਨ ਕਰਦੀ ਹੈ।

ਜਿੰਨੀਆਂ ਵਾਸ਼ਨਾਵਾਂ ਦੀ ਖਿੱਚ, ਜੀਵਾਤਮਾ ਕਰਦੀ ਹੈ, ਉਨੀ ਹੀ ਜ਼ਿਆਦਾ ਸੰਸਾਰ ਵੱਲ ਖਿੱਚ ਵਧਦੀ ਹੈ। ਇਹ ਖਿੱਚ ਉਸ ਦੇ ਬਾਰ ਬਾਰ ਜਨਮ ਮਰਨ ਦਾ ਕਾਰਨ ਬਣਦੀ ਹੈ। ਅਧਿਆਤਮਕ ਮਹਾਪੁਰਖਾਂ ਦੀ ਸਾਰੀ ਸਾਧਨਾ ਮਨ ਦੀਆਂ ਵਾਸ਼ਨਾਵਾਂ ਨੂੰ ਮਾਰਨ ਵਾਸਤੇ ਹੁੰਦੀ ਹੈ। ਜੇਕਰ ਮਨ ਮਰ ਗਿਆ ਤਾਂ ਅਗਲਾ ਜਨਮ ਨਹੀਂ ਹੋਵੇਗਾ। ਮਨ ਦੀਆਂ ਵਾਸ਼ਨਾਵਾਂ ਅਗਲੇ ਜਨਮ ਦਾ ਬੀਜ ਹਨ। ਕਿਸੇ ਬੰਦੇ ਦੇ ਦੁਬਾਰਾ ਜਨਮ ਲੈਣ ਦੀ ਇਹ ਪਛਾਣ ਹੈ ਕਿ ਉਸ ਦਾ ਮਨ ਨਹੀਂ ਮਰਿਆ।

ਸਰੀਰ ਵਿਚ ਜੋ ਸੁਆਸ ਚਲਦੇ ਹਨ। ਇਹ ਸਰੀਰ ਦੀ ਜ਼ਿੰਦਗੀ ਹੈ। ਮਨ ਵਿਚ ਫੁਰਨੇ ਚਲਦੇ ਹਨ। ਜਾਂ ਵਾਸ਼ਨਾਵਾਂ ਖਿੱਚ ਕਰਦੀਆਂ ਹਨ ਇਹ ਮਨ ਦੀ ਜ਼ਿੰਦਗੀ ਹੈ। ਚਲਦੇ ਹੋਏ ਸੁਆਸ ਰੁਕ ਜਾਣ, ਇਹ ਤਨ ਦੀ ਮੌਤ ਹੈ। ਮਨ ਵਿਚ ਚਲਦੇ ਹੋਏ ਵਿਚਾਰ ਅਤੇ ਫੁਰਨੇ ਰੁਕ ਜਾਣ ਇਹ ਮਨ ਦੀ ਮੌਤ ਹੈ। ਦਰਅਸਲ ਮਨ ਦੇ ਫੁਰਨੇ ਓਦੋਂ ਹੀ ਰੁਕਦੇ ਹਨ ਜਦੋਂ ਮਨ, ਆਤਮਾ ਦੀ ਤਰਫ਼ ਝੁਕਦਾ ਹੈ। ਝੁੱਕੇ ਹੀ ਨਾ, ਬਲਕਿ ਮਨ, ਆਤਮਾ ਵਿਚ ਲੀਨ ਹੀ ਹੋ ਜਾਂਦਾ ਹੈ। ਮਨ ਦੇ ਆਤਮਾ ਵਿਚ ਲੀਨ ਹੁੰਦਿਆਂ ਹੀ ਰੱਬ ਦਾ ਮਿਲਾਪ ਹੋ ਜਾਂਦਾ ਹੈ।

ਮਨ ਅੰਤਰਿ ਬੋਲੈ ਸਭੁ ਕੋਈ॥
ਮਨ ਮਾਰੇ ਬਿਨੁ ਭਗਤਿ ਨ ਹੋਈ॥੨॥
ਕਹੁ ਕਬੀਰ ਜੋ ਜਾਨੈ ਭੇਉ॥
ਮਨੁ ਮਧੁਸੂਦਨੁ ਤ੍ਰਿਭਵਣ ਦੇਉ॥ *(ਪੰਨਾ ੩੨੯)*

ਮਨ ਮਾਰੇ ਬਿਨਾਂ ਭਗਤੀ ਨਹੀਂ ਮੰਨੀ ਜਾ ਸਕਦੀ। ਮਨ ਮਾਰੇ ਬਿਨਾਂ ਕੋਈ ਵਾਸ਼ਨਾ ਨਹੀਂ ਮਰਦੀ। ਮਰ ਕੇ ਫਿਰ ਜਨਮ ਲੈ ਲੈਂਦੀ ਹੈ। ਤਨ ਮਰ ਜਾਣਾ ਪਰ ਮਨ ਦਾ ਨਾ ਮਰਨਾ ਇਹ ਪੂਰੀ ਮੌਤ ਨਹੀਂ ਹੈ। ਇਸ ਹੀ ਭਾਵ ਨੂੰ ਕਬੀਰ ਸਾਹਿਬ ਨੇ ਇਸ ਸਲੋਕ ਵਿਚ ਬਿਆਨ ਕੀਤਾ ਹੈ ਕਿ ਬੰਦਾ ਮਰਿਆ ਤਾਂ ਬਹੁਤ ਵਾਰੀ ਹੈ। ਪਰ ਫਿਰ ਵੀ ਨਹੀਂ ਮਰਿਆ। ਮਰ ਨਹੀਂ ਸਕਿਆ।

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥੨੯॥

(ਪੰਨਾ ੧੩੬੫)

ਸਮੁੱਚਾ ਜਗਤ ਮਰ ਮਰ ਕੇ ਮਰਿਆ ਹੈ। ਪਰ ਫਿਰ ਵੀ ਮਰਨ ਬਾਰੇ ਨਹੀਂ ਜਾਣ ਸਕਿਆ।

ਸਾਖੀ — ਇਕ ਪੰਚ ਦਸੀ ਨਾਮਕ ਪੋਥੀ ਹੈ। ਬੜੀ ਪੁਰਾਤਨ ਪੋਥੀ ਹੈ। ਇਸ ਪੋਥੀ ਵਿਚ ਬੜੀਆਂ ਕਥਾ ਕਹਾਣੀਆਂ ਇਸ ਢੰਗ ਦੀਆਂ ਦਰਜ ਹਨ ਕਿ ਕਹਾਣੀ ਤੋਂ ਕੋਈ ਆਤਮਕ ਸੇਧ ਲਈ ਜਾ ਸਕੇ। ਜਾਂ ਕੋਈ ਐਸਾ ਭਾਵ ਜਿਹੜਾ ਜ਼ੁਬਾਨੀ ਦੱਸਣ ਨਾਲ ਨਾ ਸਪੱਸ਼ਟ ਹੁੰਦਾ ਹੋਵੇ, ਉਸ ਨੂੰ ਕਹਾਣੀ ਦੁਆਰਾ ਸਪਸ਼ਟ ਕੀਤਾ ਜਾ ਸਕੇ।

ਇਕ ਕਹਾਣੀ ਇਸ ਤਰ੍ਹਾਂ ਹੈ ਕਿ ਇਕ ਸ਼ਹਿਰ ਵਿੱਚ ਇਕ ਦੁਕਾਨਦਾਰ ਬਾਣੀਆਂ ਰਹਿੰਦਾ ਸੀ। ਉਸ ਦੀ ਦੁਕਾਨ ਬੜੀ ਚਲਦੀ ਸੀ। ਉਹ ਆਪ ਵੀ ਇਥੋਂ ਤਕ ਕਿ ਦੁਕਾਨ ਨੂੰ ਖ਼ਾਲੀ ਛੱਡ ਕੇ ਭੋਜਨ ਖਾਣਾ ਵੀ ਮੁਨਾਸਬ ਨਹੀਂ ਸੀ ਸਮਝਦਾ। ਉਸ ਦਾ ਖਾਣਾ ਵਾਣਾ ਸਭ ਉਸ ਦੇ ਪ੍ਰਵਾਰ ਵੱਲੋਂ ਦੁਕਾਨ ਤੇ ਪਹੁੰਚਾ ਦਿੱਤਾ ਜਾਂਦਾ ਸੀ। ਇਥੋਂ ਤਕ ਕਿ ਕਈ ਦਫ਼ਾ ਗਾਹਕਾਂ ਦੀ ਇਨੀ ਭੀੜ ਹੁੰਦੀ ਕਿ ਰਾਤ ਨੂੰ ਕਾਫ਼ੀ ਲੇਟ ਹੋਣਾ ਪੈਂਦਾ। ਕਈ ਦਫ਼ਾ ਤਾਂ ਉਹ ਦੁਕਾਨਦਾਰ ਰਾਤ ਵੀ ਦੁਕਾਨ ਵਿਚ ਸੌਂ ਕੇ ਹੀ ਕੱਟਦਾ ਸੀ। ਦੁਕਾਨ ਨਾਲ ਉਸ ਦਾ ਬੜਾ ਮੋਹ ਸੀ। ਬੜੀ ਮਿਹਨਤ ਨਾਲ ਉਸ ਨੇ ਉਸ ਦੁਕਾਨ ਨੂੰ ਇਸ ਚੋਟੀ ਦੇ ਵਿਕਾਰ ਤਕ ਪਹੁੰਚਾਇਆ ਸੀ।

ਖ਼ੁਦਾ ਨੁਖ਼ਾਸਤਾ ਇਕ ਵਾਰ ਉਹ ਬਾਣੀਆਂ ਬਿਮਾਰ ਪੈ ਗਿਆ। ਕੁੱਝ ਦਿਨ ਤਾਂ ਆਪਣੀ ਬਿਮਾਰੀ ਦੀ ਉਸ ਬਾਣੀਏ ਨੇ ਪ੍ਰਵਾਹ ਨਾ ਕੀਤੀ। ਪਰ ਬਿਮਾਰੀ ਜ਼ਿਆਦਾ ਵੱਧ ਗਈ। ਬਿਮਾਰੀ ਇੰਨੀ ਜ਼ਿਆਦਾ ਵੱਧ ਗਈ ਕਿ ਉਸ ਦੇ ਚਾਰ ਪੁੱਤਰਾਂ ਨੇ ਆਪਣੇ ਬਿਮਾਰ ਬਾਪ ਨੂੰ ਮੰਜੀ ਉਪਰ ਪਾਕੇ, ਮੰਜੀ ਚੁੱਕ ਕੇ, ਘਰ ਲਿਆਂਦੀ। ਘਰ ਆਕੇ ਡਾਕਟਰ (ਵੈਦ) ਨੂੰ ਸੱਦਿਆ ਗਿਆ। ਵੈਦ ਨੇ ਨਬਜ਼ ਵੇਖ ਕੇ ਕਹਿ ਦਿੱਤਾ ਕਿ ਹੁਣ ਇਹ ਨਹੀਂ ਬਚ ਸਕਦਾ। ਤੁਸੀਂ ਇਸ ਦੇ ਆਖ਼ਰੀ ਦਰਸ਼ਨ ਕਰ ਲਉ। ਉਹ ਬਾਣੀਆਂ ਜੋ ਮੰਜੀ ਤੇ ਪਿਆ, ਆਪਣੇ ਸਰੀਰ ਦੇ ਆਖ਼ਰੀ ਸੁਆਸ ਗਿਣ ਰਿਹਾ ਸੀ। ਉਹ ਆਪਣੀ ਧਰਮ ਪਤਨੀ ਨੂੰ ਆਪਣੇ ਸਿਰਹਾਣੇ ਬੈਠੀ ਵੇਖ ਕੇ ਪੁੱਛਣ ਲਗਾ ਕਿ

ਆਪਣਾ ਵੱਡਾ ਕਾਕਾ ਰਮੇਸ਼ ਚੰਦ ਕਿਥੇ ਹੈ? ਪਤਨੀ ਕਹਿਣ ਲਗੀ ਉਹ ਤੁਹਾਡੇ ਸੱਜੇ ਪਾਸੇ ਖੜ੍ਹਾ ਹੈ। ਤੁਸੀਂ ਕੋਈ ਫ਼ਿਕਰ ਨਾ ਕਰੋ ਤੇ ਹੁਣ ਰਾਮ ਰਾਮ ਜਪੋ? ਉਹ ਬਾਨੀਆਂ ਬੜੀ ਮੁਸ਼ਕਲ ਨਾਲ ਆਪਣਾ ਸਿਰ ਸੱਜੇ ਪਾਸੇ ਵੱਲ ਫੇਰ ਕੇ ਆਪਣੇ ਵੱਡੇ ਪੁੱਤਰ ਨੂੰ ਪੁੱਛਣ ਲਗਾ ਕਿ ਪੁੱਤਰ! ਤੇਰਾ ਛੋਟਾ ਭਰਾ ਪ੍ਰਕਾਸ਼ ਚੰਦ ਕਿਥੇ ਹੈ? ਉਹ ਕਹਿਣ ਲਗਾ ਪਿਤਾ ਜੀ! ਤੁਸੀਂ ਗੁਰੂ ਗੁਰੂ ਜਪੋ। ਉਹ ਤੁਹਾਡੇ ਸਿਰ ਦੇ ਖੱਬੇ ਪਾਸੇ ਖੜ੍ਹਾ ਹੈ।

ਉਸ ਬਾਨੀਏ ਨੇ ਬੜੀ ਮੁਸ਼ਕਲ ਨਾਲ ਪ੍ਰਕਾਸ਼ ਚੰਦ ਵੱਲ ਸਿਰ ਫੇਰਿਆ ਤੇ ਕਿਹਾ ਪੁੱਤਰ! ਤੇਰੇ ਤੋਂ ਛੋਟਾ ਰਾਮ ਚੰਦ ਕਿਥੇ ਹੈ? ਪ੍ਰਕਾਸ਼ ਨੇ ਵੀ ਕਿਹਾ ਪਿਤਾ ਜੀ! ਹੁਣ ਤੁਸੀਂ ਆਖ਼ਰੀ ਸਮੇਂ ਤੇ ਹੋ ਤੁਸੀਂ ਸਾਡੀ ਚਿੰਤਾ ਨਾ ਕਰੋ। ਮੇਰਾ ਛੋਟਾ ਭਰਾ ਰਾਮ ਚੰਦ ਤੁਹਾਡੇ ਪੈਰਾਂ ਦੇ ਸੱਜੇ ਪਾਸੇ ਖੜ੍ਹਾ ਹੈ।

ਉਹ ਬਾਨੀਆਂ ਬੜੀ ਮੁਸ਼ਕਲ ਨਾਲ ਆਪਣੀ ਪਤਨੀ ਦੇ ਸਹਾਰੇ ਨਾਲ ਆਪਣਾ ਸਿਰ ਉੱਚਾ ਕਰ ਕੇ ਵੇਖਦਾ ਹੈ ਕਿ ਉਸ ਦੇ ਪੈਰਾਂ ਵੱਲ ਰਾਮ ਚੰਦ ਹੀ ਨਹੀਂ ਖੜ੍ਹਾ ਸਗੋਂ ਉਸ ਦਾ ਚੌਥਾ ਪੁੱਤਰ ਰਮਨ ਕੁਮਾਰ ਵੀ ਖੜ੍ਹਾ ਹੈ।

ਉਨ੍ਹਾਂ ਚੌਹਾਂ ਨੂੰ ਹੀ ਆਪਣੇ ਇਰਦ ਗਿਰਦ ਖੜ੍ਹਾ ਦੇਖ ਕੇ ਉਸ ਬਾਨੀਏ ਦੇ ਗੁੱਸੇ ਦਾ ਕੋਈ ਆਰਾ ਪਾਰ ਨਾ ਰਿਹਾ। ਭਾਵੇਂ ਉਹ ਮਰਨ ਕਿਨਾਰੇ ਸੀ। ਫਿਰ ਵੀ ਬੜਾ ਕ੍ਰੋਧ ਵੱਸ ਹੋਕੇ ਆਪਣੇ ਚੌਹਾਂ ਪੁੱਤਰਾਂ ਨੂੰ ਕਹਿਣ ਲਗਾ, ਕੰਬਖ਼ਤੋ! ਤੁਸੀਂ ਚਾਰੇ ਹੀ ਇਥੇ ਖੜ੍ਹੇ ਹੋ ਤਾਂ ਫਿਰ ਦੁਕਾਨ ਤੇ ਕੌਣ ਹੈ?

ਦੱਸੋ! ਇਹ ਬਾਨੀਆਂ ਬੰਦਾ, ਮਰ ਕੇ ਵੀ ਦੁਕਾਨ ਛੱਡ ਸਕੇਗਾ? ਕਦੇ ਨਹੀਂ ਹੋ ਸਕਦਾ ਕਿ ਮਰਨ ਤੋਂ ਬਾਅਦ ਇਹ ਬੰਦਾ ਅਗੇ ਜਾ ਸਕੇ। ਜ਼ਰੂਰ ਹੀ ਮਰਨ ਤੋਂ ਬਾਅਦ, ਇਸ ਦੀ ਦੁਕਾਨ ਦਾ ਮੋਹ, ਇਸ ਨੂੰ ਦੁਬਾਰਾ ਕਿਸੇ ਹੋਰ ਸਰੀਰ ਦੇ ਰੂਪ ਵਿਚ ਦੁਕਾਨ ਤੇ ਲਿਆ ਬਿਠਾਵੇਗਾ।

ਦਰਅਸਲ ਸਰੀਰ ਦਾ ਮਰਨਾ ਤਾਂ ਇਹ ਹੈ ਕਿ ਸੁਆਸਾਂ ਦੀ ਚਲਦੀ ਹੋਈ ਧੜਕਣ ਰੁਕ ਗਈ ਹੈ। ਪਰ ਮਨ ਤੇ ਮਨ ਦੀਆਂ ਵਾਸ਼ਨਾਵਾਂ ਦਾ ਸਰੀਰ ਨਾਲ ਕੋਈ ਸਬੰਧ ਨਹੀਂ ਹੁੰਦਾ। ਸਰੀਰ ਦਾ ਮਰਨਾ ਤਾਂ ਇਹ ਹੈ ਕਿ ਨਬਜ਼ ਰੁਕ ਗਈ ਹੈ। ਡਾਕਟਰ ਜਾਂ ਕੋਈ ਵੈਦ ਵੇਖੇਗਾ ਕਿ ਨਬਜ਼ ਚਲਦੀ ਹੈ ਕਿ ਨਹੀਂ। ਜੇ ਨਬਜ਼ ਜਾਂ ਸੁਆਸ ਨਹੀਂ ਚਲਦੇ ਤਾਂ ਫਿਰ ਬੰਦਾ ਮਰ ਗਿਆ ਹੈ। ਦਰਅਸਲ ਉਹ ਮਨੁੱਖ ਦਾ ਤਨ ਮਰਿਆ ਹੈ। ਮਨ ਨਹੀਂ ਮਰਿਆ ਇਸ ਵਾਸਤੇ ਕਬੀਰ ਸਾਹਿਬ ਕਹਿੰਦੇ ਹਨ ਕਿ ਨਹੀਂ! ਇਹ ਮੌਤ ਪੂਰੀ ਮੌਤ ਨਹੀਂ।

ਇਹ ਅਧੂਰੀ ਮੌਤ ਹੈ। ਇਸ ਦਾ ਮਨ ਨਹੀਂ ਮਰਿਆ। ਇਸ ਕਰਕੇ ਦੁਬਾਰਾ ਜਨਮ ਹੋਵੇਗਾ। ਮਨ ਦੀ ਮੌਤ ਹੋਰ ਹੈ। ਮਨ ਦੀ ਮੌਤ ਤਾਂ ਕੋਈ ਸੂਰਮਾ ਸੰਤ ਹੀ ਮਰ ਸਕਦਾ ਹੈ। ਬੜੀ ਵੱਡੀ ਸਾਧਨਾ ਕਰਨੀ ਪੈਂਦੀ ਹੈ। ਕਬੀਰ ਸਾਹਿਬ ਉਸ ਨੂੰ ਹੀ ਕਹਿੰਦੇ ਹਨ ਕਿ —

ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥੨੯॥

(ਪੰਨਾ ੧੩੬੬)

ਤਨ ਦੇ ਨਾਲ ਅਗਰ, ਕਿਸੇ ਦਾ ਮਨ ਵੀ ਮਰ ਜਾਏ ਤਾਂ ਮੁੜ ਮੁੜ ਕੇ ਮਰਨਾ ਨਹੀਂ ਪੈਂਦਾ। ਮਨ ਦੇ ਮਰਨ ਨਾਲ ਮਨ ਦੀ ਧਾਤ (ਦੌੜ) ਦੇ ਫੁਰਨੇ ਬੰਦ ਹੋ ਜਾਂਦੇ ਹਨ।

ਮਨੁ ਮਰੈ ਧਾਤੁ ਮਰਿ ਜਾਇ॥ ਬਿਨੁ ਮਨ ਮੂਏ ਕੈਸੇ ਹਰਿ ਪਾਇ॥

(ਪੰਨਾ ੬੬੫)

ਮੌਤ ਕਈ ਪ੍ਰਕਾਰ ਦੀ ਹੈ। ਅਨੇਕਾਂ ਕਿਸਮ ਦੀ ਮੌਤ ਹੋ ਸਕਦੀ ਹੈ। ਮੌਤ ਦਾ ਹਮੇਸ਼ਾ ਡਰ ਬਣਿਆਂ ਰਹਿੰਦਾ ਹੈ। ਭਾਵੇਂ ਕਿਸੇ ਕਿਸਮ ਦੀ ਹੈ।

ਆਰਥਿਕ ਮੌਤ — ਕੋਲ ਜਿੰਨਾ ਵੀ ਧਨ ਹੋਵੇ ਉਹ ਖ਼ਤਮ ਹੋ ਜਾਵੇ। ਅਗੋਂ ਹੋਰ ਆਉਣ ਦੇ ਵਸੀਲੇ ਖ਼ਤਮ ਹੋ ਜਾਣ, ਫਿਰ ਬੰਦਾ ਦਿਵਾਲੀਆ ਹੋ ਜਾਇਗਾ। ਵਾਲ ਵਾਲ ਕਰਜ਼ੇ ਵਿਚ ਕਰਜ਼ਾਈ ਹੋ ਜਾਏ। ਦੇਣਾ ਸਾਰਿਆਂ ਦਾ ਹੋਵੇ। ਲੈਣਾ ਕਿਸੇ ਕੋਲੋਂ ਨਾ ਹੋਵੇ। ਫਿਰ ਸਮਝੋ ਆਰਥਿਕ ਮੌਤ ਹੋ ਗਈ ਹੈ। ਡਰਦਾ ਤਾਂ ਬੰਦਾ ਹਮੇਸ਼ਾ ਮੌਤ ਤੋਂ ਹੈ। ਉਹ ਭਾਵੇਂ ਕਿਸੇ ਕਿਸਮ ਦੀ ਹੋਵੇ।

ਸਮਾਜਿਕ ਮੌਤ — ਆਦਮੀ ਦੀ ਬ੍ਰਾਦਰੀ ਵਿਚ ਜਦੋਂ ਬੇ-ਇੱਜ਼ਤੀ ਹੋ ਜਾਏ। ਸਮਝੋ ਸਮਾਜਿਕ ਮੌਤ ਸ਼ੁਰੂ ਹੋ ਗਈ। ਕੋਈ ਕਲੰਕ ਲਗ ਜਾਏ। ਦਾਗ਼ੀ ਹੋ ਜਾਏ। ਸਮਾਜ ਦੀ ਨਜ਼ਰਾਂ ਵਿਚ ਗਿਰ ਜਾਏ। ਬ੍ਰਾਦਰੀ ਚੰਗਾ ਨਾ ਸਮਝੇ। ਤਾਂ ਸਮਝੋ ਇਹ ਸਮਾਜਿਕ ਮੌਤ ਹੈ। ਮੌਤ ਤੋਂ ਬੰਦਾ ਹਮੇਸ਼ਾ ਡਰਦਾ ਹੈ।

ਮਾਨਸਿਕ ਮੌਤ — ਮਨ ਵਿਚ ਆਉਂਦੇ ਹੋਏ ਫੁਰਨੇ ਰੁਕ ਜਾਣ। ਜਿਹੜੇ ਮਨ ਦੇ ਅੰਦਰ ਫੁਰਨੇ ਹਨ ਉਹ ਮੁੱਕ ਜਾਣ। ਇਹ ਮਨ ਦੀ ਮੌਤ ਹੈ।

ਦਿਮਾਗ਼ੀ ਮੌਤ—ਜਿਹੜਾ ਪਾਗ਼ਲ ਹੁੰਦਾ ਹੈ। ਉਸਦਾ ਦਿਮਾਗ਼ ਮਰ ਚੁੱਕਾ ਹੁੰਦਾ ਹੈ। ਉਸਦਾ ਸਰੀਰ ਤਾਂ ਹੈ, ਪਰ ਦਿਮਾਗ਼ ਨਹੀਂ। ਦਿਮਾਗ਼ ਮਰ ਚੁੱਕਾ ਹੈ। ਪਾਗ਼ਲ ਹਮੇਸ਼ਾ ਕਿਸੇ ਇਕ ਵਿਚਾਰ ਤੇ ਕੇਂਦਰਤ ਹੋ ਜਾਂਦਾ ਹੈ। ਜੇ ਰੋਣ ਲਗੇ ਤਾਂ ਫਿਰ ਰੋਂਦਾ ਹੀ ਜਾਇਗਾ। ਰੋਂਦਾ ਹੀ ਜਾਇਗਾ। ਨਾ ਕੋਈ

ਕਾਰਨ ਨਾ ਮਤਲਬ! ਬੱਸ ਪਾਗ਼ਲ ਹੈ। ਦਿਮਾਗ਼ੀ ਮੌਤ ਹੋ ਗਈ ਹੈ। ਪਾਗ਼ਲ ਅਗਰ ਦੌੜ ਰਿਹਾ ਹੈ ਤਾਂ ਦੌੜਦਾ ਹੀ ਜਾਏਗਾ। ਕੋਈ ਮੰਜ਼ਲ ਨਹੀਂ। ਪਰ ਦੌੜਦਾ ਹੀ ਜਾਏਗਾ। ਕਿਉਂਕਿ ਅੰਦਰ ਸੋਚਣੀ ਹੀ ਕੋਈ ਨਹੀਂ। ਦਿਮਾਗ ਮਰ ਚੁੱਕਾ ਹੈ। ਇਸ ਨੂੰ ਕਹਿ ਸਕਦੇ ਹਾਂ ਬੌਧਿਕ ਮੌਤ ਜਾਂ ਦਿਮਾਗੀ ਮੌਤ ਵੀ ਇਸ ਦੀ ਹੀ ਇਕ ਕਿਸਮ ਹੈ।

ਰੂਹਾਨੀ ਮੌਤ — ਰੱਬ ਦਾ ਸਿਮਰਨ ਚਲੇ ਤਾਂ ਜ਼ਿੰਦਗੀ ਹੈ, ਨਾ ਚਲੇ ਤਾਂ ਮੌਤ ਹੈ। ਬ੍ਰਹਮ-ਗਿਆਨੀ ਮਹਾਂਪੁਰਖ ਕਹਿੰਦੇ ਹਨ ਕਿ ਜੇਕਰ ਤੁਸੀ ਰੂਹਾਨੀ ਮੌਤ ਤੋਂ ਬਚ ਗਏ ਤਾਂ ਤੁਸੀਂ ਬਾਕੀ ਮੌਤਾਂ ਤੋਂ ਵੀ ਬਚ ਸਕਦੇ ਹੋ। ਰੂਹਾਨੀ ਜ਼ਿੰਦਗੀ ਹਰ ਖੇਤਰ ਵਿੱਚ ਰੂਹ ਨੂੰ ਜੀਵਨ ਪ੍ਰਦਾਨ ਕਰਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਪ੍ਰਭੂ ਸਿਮਰਨ ਵਿਚ ਹੀ ਮੇਰਾ ਜੀਵਨ ਹੈ। ਜੇਕਰ ਪ੍ਰਭੂ ਮੈਨੂੰ ਵਿਸਰ ਜਾਂਦਾ ਹੈ ਤਾਂ ਰੂਹਾਨੀ ਮੌਤ ਹੈ।

ਆਖਾ ਜੀਵਾ ਵਿਸਰੈ ਮਰਿ ਜਾਉ ॥ *(ਰਹਰਾਸਿ)*

ਮਰਣੰ ਬਿਸਰਣੰ ਗੋਬਿੰਦਹ ॥
ਜੀਵਣੰ ਹਰਿ ਨਾਮੁ ਧਿਆਵਣਹ ॥ *(ਪੰਨਾ ੧੩੬੧)*

ਪ੍ਰਭੂ ਨੂੰ ਭੁਲ ਜਾਣਾ, ਇਹ ਰੂਹਾਨੀ ਮੌਤ ਹੈ।

ਰਾਜਨੀਤਕ ਮੌਤ — ਸਾਡੇ ਦੇਸ਼ ਵਿੱਚ ਇਸ ਤਰ੍ਹਾਂ ਦੇ ਹਜ਼ਾਰਾਂ ਲੀਡਰ (ਨੇਤਾ) ਫਿਰਦੇ ਹਨ। ਜਿਨ੍ਹਾਂ ਦੀ ਰਾਜਨੀਤਕ ਮੌਤ ਹੋ ਚੁੱਕੀ ਹੈ। ਹਰ ਦੇਸ਼ ਵਿੱਚ ਇਸ ਤਰ੍ਹਾਂ ਦੇ ਨੇਤਾ (ਲੀਡਰ) ਹੁੰਦੇ ਹਨ। ਕਿਸੇ ਵਕਤ ਉਨ੍ਹਾਂ ਦੀ ਤੂਤੀ ਵੱਜਦੀ ਸੀ। ਕਿਸੇ ਵੇਲੇ ਉਨ੍ਹਾਂ ਦੀ ਬੜੀ ਵੱਡੀ ਗੱਲ ਸੀ। ਅਖ਼ਬਾਰਾਂ, ਇਸ਼ਤਿਹਾਰਾਂ ਰੇਡਿਓ, ਟੀ. ਵੀ. ਆਦਿ ਸਭ ਥਾਵਾਂ ਉੱਪਰ ਉਨ੍ਹਾਂ ਦਾ ਹੀ 'ਪਰਛਾਇਆ' ਬੋਲਦਾ ਸੀ। ਪਰ ਅੱਜ ਉਹ ਕੁਛ ਵੀ ਨਹੀਂ ਰਹਿ ਗਏ। ਅੱਜ ਤਾਂ ਜਿਧਰੋਂ ਉਹ ਲੰਘਦੇ ਹਨ, ਇਸ ਤਰ੍ਹਾਂ ਲੰਘਦੇ ਹਨ ਜਿਵੇਂ ਗਊਸ਼ਾਲਾ ਦੀਆਂ ਗਾਵਾਂ ਲੰਘਦੀਆਂ ਹਨ। ਹੁਣ ਉਨ੍ਹਾਂ ਵਿਚਾਰਿਆਂ ਨੂੰ ਕੋਈ ਨਹੀਂ ਪੁੱਛਦਾ। ਉਨ੍ਹਾਂ ਦੀ ਗੱਲ ਖ਼ਤਮ ਹੋ ਗਈ ਹੈ। ਰਾਜਨੀਤਕ ਮੌਤ ਹੋ ਗਈ ਹੈ। ਯਕੀਨ ਜਾਣੋ। ਬੰਦਾ ਹਮੇਸ਼ਾ ਮੌਤ ਤੋਂ ਡਰਦਾ ਹੈ। ਹੋਰ ਕਿਸੇ ਚੀਜ਼ ਤੋਂ ਨਹੀਂ ਡਰਦਾ। ਮਨ ਦੀ ਮੌਤ ਦਾ ਵੀ ਬੜਾ ਵੱਡਾ ਡਰ ਬਣਿਆ ਰਹਿੰਦਾ ਹੈ। ਜੇ ਮਨ ਮਰ ਜਾਏ ਫਿਰ ਤਾਂ ਹਸਤੀ ਹੀ ਮਿਟ ਜਾਂਦੀ ਹੈ। ਇਸ ਕਰਕੇ ਬੰਦਾ

ਹਮੇਸ਼ਾ ਮਨ ਕਰਕੇ ਫੁਰਨੇ ਕਲਪਦਾ ਰਹਿੰਦਾ ਹੈ। ਇਹ ਫੁਰਨੇ ਇਸ ਦਾ ਅਗਲਾ ਰੂਪ ਚਿਤਰਨ ਵਿਚ ਬੜੇ ਸਹਾਇਕ ਹੁੰਦੇ ਹਨ। ਗੁਰੂ ਅਮਰਦਾਸ ਮਹਾਰਾਜ ਦਾ ਕਹਿਣਾ ਹੈ ਕਿ —

ਇਸੁ ਮਨ ਤੇ ਸਭ ਪਿੰਡ ਪਰਾਣਾ॥ *(ਪੰਨਾ ੧੧੨੮)*

ਗੁਰਮਤਿ ਦਾ ਫ਼ੈਸਲਾ ਇਹ ਹੈ ਕਿ ਜਿਉਂ ਜਿਉਂ ਮਨ ਵਿਚ ਫੁਰਨਿਆਂ ਦੇ ਸੰਸਕਾਰ ਵਧਦੇ ਜਾਂਦੇ ਹਨ। ਤਿਉਂ ਤਿਉਂ ਜਨਮ ਮਰਨ ਦਾ ਗੇੜ ਵੱਡਾ ਹੋਈ ਜਾਂਦਾ ਹੈ। ਫਿਰ ਇਹ ਗੇੜ ਮਨੁੱਖਾ ਜੀਵਨ ਨੂੰ ਛੱਡ ਕੇ ਨੀਵੀਂ ਤੋਂ ਨੀਵੀਂ ਜਾਤ (ਯਾਨੀ ਕਿ ਕੀੜੇ ਮਕੌੜਿਆਂ) ਰਾਹੀਂ ਸ਼ੁਰੂ ਹੁੰਦਾ ਹੈ। ਇਹ ਸਫ਼ਰ ਵਧਦਾ ਹੀ ਜਾਂਦਾ ਹੈ।

ਜਮਿ ਜਮਿ ਮਰੈ ਮਰੈ ਫਿਰਿ ਜੰਮੈ॥
ਬਹੁਤੁ ਸਜਾਇ ਪਇਆ ਦੇਸਿ ਲੰਮੈ॥ *(ਪੰਨਾ ੧੦੨੦)*

ਸਫ਼ਰ ਬੜਾ ਲੰਬਾ ਹੁੰਦਾ ਜਾਂਦਾ ਹੈ। ਹਰੇਕ ਸਰੀਰ ਦੇ ਸੰਸਕਾਰਾਂ ਦੀ ਗਠੜੀ ਵੀ ਭਾਰੀ ਹੁੰਦੀ ਜਾਂਦੀ ਹੈ। ਹਰੇਕ ਜੋਨ ਦਾ ਦੁੱਖ ਵੱਖਰਾ ਵੱਖਰਾ ਹੈ। ਮੋਖਸ਼ ਦੁਆਰ ਬੜਾ ਸੂਖਸ਼ਮ ਹੈ।

ਕਬੀਰ ਸਾਹਿਬ ਮਹਾਰਾਜ ਦਾ ਕਥਨ ਹੈ ਕਿ ਸਾਡੇ ਮਨ ਦੇ ਸੰਸਕਾਰ ਇੰਨੇ ਭਾਰੇ ਹਨ ਕਿ ਮਨ ਹਾਥੀ ਵਰਗਾ ਮੋਟਾ ਹੋ ਗਿਆ ਹੈ। ਸਾਡੇ ਪੰਜਾਬ ਦੀ ਕਹਾਵਤ ਹੈ ਕਿ —

ਅਕਲ ਵੱਡੀ ਕਿ ਮੱਝ। *(ਕਹਾਵਤ)*

ਪਰ ਯੂ. ਪੀ. ਅਤੇ ਬਿਹਾਰ ਦੀ ਕਹਾਵਤ ਹੈ ਕਿ —

ਮਨ ਵੱਡਾ ਕਿ ਮੈਂਗਲ। *(ਕਹਾਵਤ)*

ਭਾਵ ਕਿ ਮਨ ਵੱਡਾ ਹੈ ਕਿ ਹਾਥੀ। ਮੈਂਗਲ ਨਾਮ ਹਾਥੀ ਦਾ ਹੈ। ਕਬੀਰ ਸਾਹਿਬ ਨੇ ਇਸ ਕਹਾਵਤ ਦਾ ਬੜਾ ਸੁੰਦਰ ਪ੍ਰਮਾਣ ਦਿੱਤਾ ਹੈ ਕਿ ਜੇਕਰ ਇਕ ਘਰ ਦਾ ਦਰਵਾਜ਼ਾ ਤਾਂ ਹੋਏ ਸਿਰਫ਼ ਏਡਾ ਵੱਡਾ ਕਿ ਜਿਸ ਵਿਚੋਂ ਦੀ ਸਿਰਫ਼ ਬੰਦਾ ਆਰ ਪਾਰ ਹੋ ਸਕੇ। ਪਰ ਅਸੀਂ ਉਸ ਦਰਵਾਜ਼ੇ ਵਿਚੋਂ ਦੀ ਹਾਥੀ ਨੂੰ ਆਰ ਪਾਰ ਕਰਨਾ ਚਾਹੀਏ। ਇਹ ਕਦੇ ਨਹੀਂ ਹੋ ਸਕਦਾ। ਸਾਡਾ ਮਨ ਬੜਾ ਪੁਰਾਣਾ ਪਾਪੀ ਹੈ। ਪਾਪ! ਸਿਰਫ਼ ਇਕ ਅੰਦਰ ਦੀ ਮੈਲ ਹੈ। ਜੋ ਮਨ ਦੇ ਤਲ ਤੇ ਕੰਮ ਕਰਦੀ ਹੈ। ਉਹ ਮੈਲ ਇਕ ਜਨਮ ਦੀ ਨਹੀਂ ਹੈ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥

(ਪੰਨਾ ੬੫੧)

ਪੁਰਾਣੇ ਜ਼ਮਾਨੇ ਵਿੱਚ ਤੇਲ ਕੱਢਣ ਵਾਸਤੇ ਜਿਹੜੇ ਸਾਧਨ ਸਨ। ਉਹ ਸਿਰਫ਼ ਕੋਹਲੂ ਸਨ। ਕੋਹਲੂ ਤੇ ਤੇਲ ਕੱਢ ਕੇ ਵੇਚਣ ਵਾਲੇ ਦਾ ਨਾਮ ਤੇਲੀ ਹੁੰਦਾ ਸੀ। ਤੇਲੀ ਆਪਣੇ ਕੋਲ, ਕੋਹਲੂ ਉਪਰ ਲਗੀ ਮੈਲ ਨੂੰ ਸਾਫ਼ ਕਰਨ ਲਈ ਇਕ ਕਪੜਾ ਰਖਦਾ ਹੁੰਦਾ ਸੀ। ਬਾਹਰੋਂ ਉੱਡ ਕੇ ਧੂੜ ਪੈਂਦੀ ਸੀ ਤੇ ਕੋਹਲੂ ਉਪਰ ਲਗੇ ਹੋਏ ਤੇਲ ਨਾਲ ਮਿਲ ਕੇ ਉਹ ਬੜੀ ਕਾਲੀ ਮੈਲ ਬਣਦੀ ਸੀ। ਉਸ ਮੈਲ ਨੂੰ ਉਸ ਕਪੜੇ ਨਾਲ ਬਾਰ ਬਾਰ ਤੇਲੀ ਸਾਫ਼ ਕਰਦਾ ਹੁੰਦਾ ਸੀ। ਉਸ ਕਪੜੇ ਨੂੰ ਖੰਨਲੀ ਆਖਿਆ ਜਾਂਦਾ ਸੀ। ਉਸ ਖੰਨਲੀ ਨਾਲ ਏਨੀ ਮੈਲ ਲੱਗ ਜਾਂਦੀ ਸੀ ਕਿ ਜੇ ਤੇਲੀ ਉਸ ਨੂੰ ਕਿਸੇ ਢੰਗ ਨਾਲ ਵੀ ਸਾਫ਼ ਕਰਨਾ ਚਾਹਵੇ ਤਾਂ ਉਸ ਕਪੜੇ ਦੀ ਤੰਦ ਮੈਲ ਨਹੀਂ ਸਾਫ਼ ਹੋ ਸਕਦੀ ਸੀ।

ਗੁਰਮਤਿ ਅਨੁਸਾਰ ਉਹ ਜੋ ਤੰਦ ਮੈਲ ਵਾਲੀ ਖੰਨਲੀ ਹੈ, ਉਸ ਦੀ ਤਸ਼ਬੀਹ ਸਾਡੇ ਮਨ ਨਾਲ ਕੀਤੀ ਗਈ ਹੈ। ਜਿਵੇਂ ਉਸ ਕਪੜੇ ਨੂੰ ਕੋਹਲੂ ਦੀ ਬਾਰ ਬਾਰ ਮੈਲ ਲਗਦੀ ਹੈ। ਇਸੇ ਹੀ ਢੰਗ ਨਾਲ ਸਾਡਾ ਮਨ ਤਾਂ ਬਹੁਤ ਪੁਰਾਣਾ ਯਾਤਰੀ ਹੈ। ਕਿਉਂਕਿ ਜੀਵਾਤਮਾ ਤਾਂ ਮਰਦੀ ਹੀ ਨਹੀਂ। ਇਕ ਸਰੀਰ ਤੋਂ ਦੂਜੇ ਸਰੀਰ ਵਿਚ ਵਾਸ਼ਨਾ ਦੀ ਬੱਝੀ ਹੋਈ ਜਾਂਦੀ ਹੈ। ਸਰੀਰ ਮਰਦਾ ਹੈ। ਕਿਉਂਕਿ ਸਰੀਰ ਇਕ ਹੱਦ ਤਕ ਹੀ ਜੀਵਾਤਮਾ ਨੂੰ ਸਾਥ ਦੇ ਸਕਦਾ ਹੈ। ਸਰੀਰ ਇਕ ਦਰਵਾਜ਼ੇ ਵਾਂਗ ਹੈ। ਡਿਉੜ੍ਹੀ ਵਾਂਗ ਹੈ। ਜਿਵੇਂ ਇਕ ਡਿਉੜ੍ਹੀ ਉਪਰੋਂ ਛਤੀ ਹੋਈ ਹੁੰਦੀ ਹੈ। ਪਰ ਉਸ ਦੀਆਂ ਦੀਵਾਰਾਂ ਤੇ ਖਿੜਕੀਆਂ ਹੁੰਦੀਆਂ ਹਨ। ਠੀਕ ਇਸੇ ਹੀ ਢੰਗ ਨਾਲ ਸਰੀਰ ਦੀ ਬਣਤਰ ਹੈ। ਸਰੀਰ ਵਿਚ ਨੌਂ ਦੁਆਰ ਬਾਹਰ ਮੁਖੀ ਹਨ। ਇਕ ਦੁਆਰ ਅੰਤਰਮੁਖੀ ਹੈ। ਭਾਵ ਕਿ ਬਾਹਰ ਨੂੰ ਜਾਣ ਲਈ ਨੌਂ ਦਰਵਾਜ਼ੇ ਹਨ। ਬਾਹਰੋਂ ਗਰਦ ਆਉਣ ਲਈ ਵੀ ਨੌਂ ਦਰਵਾਜ਼ੇ ਹਨ। ਪਰ ਅੰਤਰ ਉਤਰਨ ਲਈ ਇਕ ਹੀ ਦਰਵਾਜ਼ਾ ਹੈ। ਉਹ ਵੀ ਅੰਦਰ ਦੇ ਅਨੁਭਵ ਨਾਲ ਹੀ ਦੇਖਿਆ ਜਾ ਸਕਦਾ ਹੈ, ਵਰਨਾ ਨਹੀਂ। ਹੁਣ ਸਵਾਲ ਹੈ ਕਿ ਉਹ ਜੋ ਮੋਖਸ਼ ਦੁਆਰ ਹੈ। ਜਿਥੇ ਸਾਡੀ ਸੁਰਤ ਨੇ ਯਾਤਰਾ ਕਰਨੀ ਹੈ। ਉਹ ਦੁਆਰ ਤਾਂ ਬੜਾ ਸੂਖਸ਼ਮ ਹੈ।

ਬੜਾ ਹੀ ਬਾਰੀਕ ਹੈ। ਮਨ ਨੂੰ ਜਨਮ ਜਨਮ ਦੀ ਮੈਲ ਲੱਗੀ ਹੈ। ਇਹ ਤਾਂ ਇਸ ਤਰ੍ਹਾਂ ਹੋ ਗਿਆ ਜਿਵੇਂ ਕੋਈ ਸੂਈ ਦੇ ਨੱਕੇ ਵਿਚੋਂ ਦੀ ਹਾਥੀ ਨੂੰ ਲੰਘਾਉਣਾ ਚਾਹਵੇ। ਕਬੀਰ ਸਾਹਿਬ ਉਸੇ ਹੀ ਕਹਾਵਤ ਨੂੰ ਦੁਹਰਾਉਂਦੇ ਹਨ ਕਿ –

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥
ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥੫੮॥

(ਪੰਨਾ ੧੩੬੭)

ਮਨੁੱਖਾ ਜਨਮ
ਅਤੇ
ਕੁਦਰਤ ਦੀ ਕਲਾ

ਇਸ ਸ੍ਰਿਸ਼ਟੀ ਦੀਆਂ ਸਾਰੀਆਂ ਜੋਨਾਂ ਚੁਰਾਸੀ ਲੱਖ ਮੰਨੀਆਂ ਗਈਆਂ ਹਨ। ਵੈਸੇ ਵਿਗਿਆਨ ਦੀ ਦ੍ਰਿਸ਼ਟੀ ਵਿਚ ਜੋਨਾਂ ਦੀ ਗਿਣਤੀ ਚੁਰਾਸੀ ਲੱਖ ਤੋਂ ਜ਼ਿਆਦਾ ਹੈ। ਪਰ ਪੁਰਾਣਕ, ਵੈਦਿਕ ਕਾਲ ਦੀ ਗਿਣਤੀ, ਚੁਰਾਸੀ ਲੱਖ ਹੀ ਮੰਨੀ ਗਈ ਹੈ। ਇਨ੍ਹਾਂ ਚੁਰਾਸੀ ਲੱਖ ਜੂਨਾਂ ਵਿਚੋਂ ਸਭ ਤੋਂ ਉੱਤਮ ਜੋਨ ਮਨੁੱਖਾ ਜਨਮ ਹੀ ਆਖਿਆ ਜਾ ਸਕਦਾ ਹੈ। ਜੇ ਚੁਰਾਸੀ ਲੱਖ ਜੂਨ ਵਿਚੋਂ ਗੇੜਾ ਕੱਢ ਕੇ ਸਾਡੀ ਜੀਵਾਤਮਾ ਨੂੰ ਇਹ ਮਨੁੱਖਾ ਸਰੀਰ ਮਿਲਿਆ ਹੈ ਤਾਂ ਵੀ ਬੜਾ ਲੰਬਾ ਸਫ਼ਰ ਕਰਨ ਤੋਂ ਬਾਅਦ ਮਿਲਿਆ ਹੈ। ਹੁਣ ਮਨੁੱਖਾ ਜਨਮ ਇਕ ਚੰਗਾ ਅਵਸਰ ਹੈ। ਇਕ ਅੰਮ੍ਰਿਤ ਵੇਲਾ ਹੈ। ਜਿਥੋਂ ਮਨੁੱਖ ਦੇ ਰੱਬ ਨਾਲ ਅਭੇਦ ਹੋ ਜਾਣ ਦੀ ਸੰਭਾਵਨਾ ਹੈ। ਮਨੁੱਖ ਦੇ ਹੀ ਰੱਬ ਨਾਲ ਇਕ ਮਿੱਕ ਹੋਣ ਦੀ ਸੰਭਾਵਨਾ ਕੀਤੀ ਜਾ ਸਕਦੀ ਹੈ। ਬਾਕੀ ਸਭ ਜੋਨਾਂ ਪਛੜੀਆ ਹੋਈਆਂ ਹਨ। ਮਨੁੱਖ ਤੋਂ ਸਭ ਪਿਛੇ ਹਨ।

ਜੇਕਰ ਚੁਰਾਸੀ ਲੱਖ ਜੋਨ ਵਿਚੋਂ ਦੀ ਮਨੁੱਖ ਨਹੀਂ ਲੰਘ ਕੇ ਆਇਆ ਤਾਂ ਫਿਰ ਅਜੇ ਪ੍ਰਮਾਤਮਾ ਨਾਲੋਂ ਜੀਵਾਤਮਾ ਟੁਟਕੇ ਆਈ ਹੈ। ਇਸ ਚੌਰਾਸੀ ਦੀ ਮਾਲਾ ਦੇ ਪਹਿਲੇ ਮਣਕੇ ਤੇ ਹੀ ਹੈ। ਇਥੇ ਵੀ ਉਹੀ ਮੰਜ਼ਲ ਹੈ ਕਿ ਦੁਬਾਰਾ ਪ੍ਰਮਾਤਮਾ ਨਾਲ ਮਿਲਣ ਦੀ ਬੜੀ ਨੇੜ ਦੀ ਸੰਭਾਵਨਾ ਹੈ। ਕਿਉਂਕਿ ਹਾਲੇ ਸਫ਼ਰ ਬਹੁਤਾ ਨਹੀਂ ਕੀਤਾ। ਇਸ ਕਰਕੇ ਨਾ ਥਕਾਵਟ ਹੈ ਅਤੇ ਨਾਹੀ ਰਸਤੇ ਦੀ ਮੈਲ ਲਗੀ ਹੈ।

ਸਾਖੀ — ਇਸ ਭਾਵ ਨੂੰ ਸਪਸ਼ਟ ਕਰਨ ਲਈ ਬੜੀ ਪਿਆਰੀ ਸਾਖੀ ਹੈ। ਇਕ ਵੱਡੀ ਪਹਾੜੀ ਨੂੰ ਉਪਰੋਂ ਤਰਾਸ਼ ਕੇ, ਇਕ ਰਾਜੇ ਨੇ ਇਕ ਵੱਡਾ ਕਿਲ੍ਹਾ ਬਣਵਾਇਆ। ਉਸ ਕਿਲ੍ਹੇ ਦੇ ਆਸੇ ਪਾਸੇ ਉਸ ਨੇ ਚੁਰਾਸੀ ਦਰਵਾਜ਼ੇ ਰਖਵਾ ਦਿੱਤੇ। ਚੁਰਾਸੀਆਂ ਵਿਚੋਂ ਇੱਕ ਸਭ ਦੇ ਆਉਣ ਜਾਣ ਲਈ ਖੁਲ੍ਹਵਾ ਦਿੱਤਾ ਅਤੇ ਬਾਕੀ ਸਾਰੇ ਦੇ ਸਾਰੇ ਅੰਦਰੋਂ ਬੰਦ ਕਰਵਾ ਦਿੱਤੇ। ਯਾਨੀ ਤਾਲੇ ਲਗਵਾ ਦਿੱਤੇ। ਉਸ ਕਿਲ੍ਹੇ ਵਿਚ ਇਕ ਦਿਨ ਇਕ ਇਸਤਰੀ ਦਾ

ਆਦਮੀ ਪ੍ਰਵੇਸ਼ ਕਰ ਗਿਆ ਕਿ ਜਿਸ ਦੀਆਂ ਨਾ ਅੱਖਾਂ ਅਤੇ ਹੱਥਾਂ ਪੈਰਾਂ ਤੋਂ ਟੁੰਡਾ ਤੇ ਲੰਗੜਾ ਸੀ। ਸਿਰੋਂ ਉਹ ਗੰਜਾ ਸੀ। ਉਸ ਕਿਲ੍ਹੇ ਵਿਚੋਂ ਉਹ ਦੁਬਾਰਾ ਬਾਹਰ ਨਿਕਲਣਾ ਚਾਹੁੰਦਾ ਸੀ। ਪਰ ਅੱਖਾਂ ਤੋਂ ਅੰਧਾ ਹੋਣ ਕਾਰਨ ਉਸ ਨੂੰ ਇਹ ਵੀ ਪਤਾ ਨਹੀਂ ਸੀ ਲਗ ਰਿਹਾ ਕਿ ਚੁਰਾਸੀ ਦਰਵਾਜ਼ਿਆਂ 'ਚੋਂ, ਜਿਹੜਾ ਖੁਲ੍ਹਾ ਹੋਇਆ ਦਰਵਾਜ਼ਾ ਹੈ। ਉਹ ਕਿਧਰ ਹੈ। ਉਹ ਬਹੁਤ ਸਮਾਂ ਉਸ ਕਿਲ੍ਹੇ ਦੀਆਂ ਕੰਧਾਂ ਨਾਲ ਟੱਕਰਾਂ ਮਾਰਦਾ ਰਿਹਾ। ਪਰ ਕੋਈ ਗੱਲ ਨਾ ਬਣੀ। ਅਖ਼ੀਰ ਉਸ ਨੇ ਇਹ ਵਿਸ਼ਵਾਸ ਕਰ ਲਿਆ ਕਿ ਇਸ ਕਿਲ੍ਹੇ ਵਿਚ ਕੋਈ ਵੀ ਦਰਵਾਜ਼ਾ ਖੁਲ੍ਹਾ ਹੋਇਆ ਨਹੀਂ। — ਮੈਂ ਤਾਂ।

ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ॥ *(ਪੰਨਾ ੧੩੯)*

ਪਰ ਇਕ ਦਿਨ ਐਸਾ ਆਇਆ ਕਿ ਇਕ ਸਿਆਣੇ, ਨੇਤਰਾਂ ਵਾਲੇ, ਸੁਜਾਖੇ ਆਦਮੀ ਨੇ, ਉਸ ਕਿਲ੍ਹੇ ਦੇ ਬਾਹਰੋਂ ਹੀ ਖੁਲ੍ਹੇ ਦਰਵਾਜ਼ੇ ਰਾਹੀਂ ਉਸ ਅੰਧੇ ਤੇ ਲੰਗੜੇ ਆਦਮੀ ਨੂੰ ਅਵਾਜ਼ ਮਾਰੀ। ਆਖਿਆ! ਕਿ ਧਿਆਨ ਨਾਲ ਮੇਰੀ ਗੱਲ ਸੁਣ? ਇਸ ਕਿਲ੍ਹੇ ਦਾ ਇਕੋ ਦਰਵਾਜ਼ਾ ਖੁਲ੍ਹਿਆ ਹੈ। ਮੈਂ ਤਾਂ ਵੇਖ ਰਿਹਾ ਹਾਂ। ਮੈਂ ਤੈਨੂੰ ਬਾਹਰ ਨਿਕਲ ਆਉਣ ਦੀ ਵਿਧੀ ਦਸਦਾ ਹਾਂ। ਤੂੰ ਧਿਆਨ ਨਾਲ ਸੁਣ?

ਉਸ ਸਿਆਣੇ ਆਦਮੀ ਨੇ ਆਖਿਆ ਕਿ ਇਸ ਕਿਲ੍ਹੇ ਦੀ ਦੀਵਾਰ ਨਾਲ ਨੇੜੇ ਆ ਜਾ। ਦਰਵਾਜ਼ਾ ਤਾਂ ਇਕੋ ਹੀ ਖੁਲ੍ਹਾ ਹੈ। ਬਾਕੀ ਤਾਂ ਸਾਰੇ ਬੰਦ ਹਨ। ਤੂੰ ਇਸ ਕਿਲ੍ਹੇ ਦੀ ਦੀਵਾਰ ਨਾਲ ਆਪਣੇ ਲੂਲ੍ਹੇ ਲੰਗੜੇ ਹੱਥ ਪੈਰ, ਸਪਰਸ਼ ਕਰਦਾ, ਅਗੇ ਵਧਦਾ ਜਾ। ਜਦੋਂ ਹੀ ਖੁਲ੍ਹਾ ਹੋਇਆ ਦਰਵਾਜ਼ਾ ਆਵੇਗਾ। ਤੈਨੂੰ ਪਤਾ ਲਗ ਜਾਵੇਗਾ। ਉਸ ਦੁਆਰ ਰਾਹੀਂ ਤੂੰ ਬਾਹਰ ਜਾ ਸਕਦਾ ਹੈਂ।

ਉਸ ਲੂਲ੍ਹੇ ਲੰਗੜੇ ਆਦਮੀ ਨੇ ਉਸਦੀ ਦੱਸੀ ਹੋਈ ਜੁਗਤ ਅਨੁਸਾਰ ਉਸ ਦੀਵਾਰ ਦੇ ਨਾਲ ਨਾਲ ਰਿੜ੍ਹਨਾ ਅਰੰਭ ਕਰ ਦਿੱਤਾ। ਸਹਿਜੇ ਸਹਿਜੇ ਜਦੋਂ ਉਹ ਖੁਲ੍ਹੇ ਹੋਏ ਦਰਵਾਜ਼ੇ ਦੇ ਨੇੜੇ ਆਇਆ ਤਾਂ ਉਸ ਦੇ ਗੰਜੇ ਸਿਰ ਵਿਚ ਖਾਜ ਹੋਣ ਲਗ ਗਈ। ਉਸ ਨੇ ਆਪਣੇ ਟੁੰਡੇ ਹੱਥਾਂ ਨਾਲ ਆਪਣੇ ਸਿਰ ਵਿੱਚ ਖਾਜ ਕਰਨੀ ਅਰੰਭ ਕਰ ਦਿੱਤੀ। ਨਾਲ ਰਿੜ੍ਹਦਾ ਗਿਆ ਅਤੇ ਨਾਲ ਹੀ ਖਾਜ ਕਰਦਾ ਗਿਆ। ਇੰਨੇ ਸਮੇਂ ਵਿਚ ਹੀ ਉਹ ਖੁਲ੍ਹਾ ਹੋਇਆ ਦਰਵਾਜ਼ਾ ਛੱਡ ਕੇ ਅੱਗੇ ਨਿਕਲ ਗਿਆ। ਜਦੋਂ ਉਸ ਦਾ ਸਾਰਾ ਚੱਕਰ ਪੂਰਾ ਹੋਣ ਵਿਚ ਹੀ ਨਾ ਆਵੇ ਤਾਂ ਉਹ ਫਿਰ ਮਾਯੂਸ ਹੋ ਕੇ ਸੋਚਣ ਲਗਾ ਕਿ

ਇਸ ਕਿਲ੍ਹੇ ਵਿੱਚ ਕੋਈ ਵੀ ਖੁਲ੍ਹਾ ਦਰਵਾਜ਼ਾ ਨਹੀਂ ਹੈ। ਬਹੁਤ ਦੇਰ ਤੋਂ ਉਪਰੰਤ ਤਾਂ ਉਹ ਭੁਲ ਹੀ ਗਿਆ ਕਿ ਇਸ ਕਿਲ੍ਹੇ ਤੋਂ ਬਾਹਰ ਹੋਰ ਵੀ ਕੋਈ ਦੁਨੀਆ ਹੈ?

ਇਹ ਸਾਖੀ ਕੁਦਰਤ ਦੇ ਇਸ ਸਿਧਾਂਤ ਨੂੰ ਪੂਰਨ ਰੂਪ ਵਿਚ ਉਜਾਗਰ ਕਰਦੀ ਹੈ ਕਿ ਪ੍ਰਭੂ ਦੀ ਕੁਦਰਤ ਇਕ ਮਹਾਨ ਰਾਜਾ ਹੈ। ਉਸ ਨੇ ਇਸ ਸੰਸਾਰ ਰੂਪ ਕਿਲ੍ਹੇ ਦੀ ਘਾੜਤ ਘੜੀ ਹੈ। ਇਸ ਵਿੱਚ ਚੁਰਾਸੀ ਲੱਖ ਜੋਨਾਂ ਤਿਆਰ ਕੀਤੀਆਂ ਹਨ। ਪਰ ਚੁਰਾਸੀਆਂ ਵਿਚੋਂ ਮਨੁੱਖਾ ਜੂਨ ਹੀ ਇਕ ਐਸਾ ਦੁਆਰ ਹੈ। ਜਿਸ ਦੁਆਰਾ ਇਹ ਜੀਵਾਤਮਾ ਪ੍ਰਭੂ ਨਾਲ ਮਿਲ ਸਕਦੀ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਮਨੁੱਖਾ ਸਰੀਰ ਇਕ ਡਿਉੜੀ (ਦੇਹੁਰੀ) ਹੈ। ਯਾਨੀ ਕਿ ਦਰਵਾਜ਼ਾ ਹੈ। ਜਿਸ ਰਾਹੀਂ ਪ੍ਰਭੂ ਨੂੰ ਪ੍ਰਾਪਤ ਕਰ ਲੈਣ ਦਾ ਮੌਕਾ ਹੈ। ਵੇਲਾ ਹੈ।

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ *(ਰਹਰਾਸਿ)*

ਮਨੁੱਖ ਜਨਮ ਇਕ ਅੱਸੀ ਨੱਬੇ ਸਾਲ ਦਾ ਅਵਸਰ ਹੈ। ਪ੍ਰਭੂ ਨੂੰ ਪ੍ਰਾਪਤ ਕਰਨ ਦਾ ਅੰਮ੍ਰਿਤ ਵੇਲਾ ਹੈ। ਇਹ ਵਡਿਆਈ, ਸਿਰਫ਼ ਤੇ ਸਿਰਫ਼ ਮਨੁੱਖ ਜਨਮ ਨੂੰ ਪ੍ਰਾਪਤ ਹੈ। ਪਸ਼ੂ ਪੰਛੀਆਂ ਦੀ ਦੁਨੀਆਂ ਬਹੁਤ ਪਿਛੇ ਹੈ। ਬੰਦ ਦਰਵਾਜ਼ੇ ਹਨ। ਉਨ੍ਹਾਂ ਵਿਚ ਪ੍ਰਭੂ ਨੂੰ ਮਿਲਣ ਲਈ ਕਿਸੇ ਦਾ ਸੁਭਾਗ ਨਹੀਂ ਹੈ। ਇਹ ਤਾਂ ਪ੍ਰਭੂ ਦੀ ਮਿਹਰਬਾਨੀ ਸਿਰਫ਼ ਇਸ ਮਨੁੱਖਾ ਜਨਮ ਉਤੇ ਹੈ।

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥ *(ਪੰਨਾ ੧੦੭੫)*

ਫਿਰ ਇਹ ਵੀ ਵਡਿਆਈ ਹੈ ਕਿ ਸਾਰੀ ਸ੍ਰਿਸ਼ਟੀ ਦੇ ਜੀਵ ਮਨੁੱਖ ਦਾ ਪਾਣੀ ਭਰਦੇ ਹਨ। ਮਾਰ ਖੋਰੀਆਂ ਭੈਂਸਾਂ (ਮੱਝਾਂ) ਤੇ ਗਊਆਂ ਇਸ ਮਨੁੱਖ ਨੂੰ ਦੁਧ ਦਹੀਂ ਵਰਗੀਆਂ ਨਿਆਮਤਾਂ ਪ੍ਰਦਾਨ ਕਰਦੀਆਂ ਹਨ। ਮਾਰ ਖੋਰੇ ਬਲਦ ਤੇ ਭੈਂਸੇ ਮਨੁੱਖ ਦੇ ਕਾਬੂ ਵਿਚ ਕੰਮ ਕਰਦੇ ਹਨ। ਸਿਖਾਏ ਹੋਏ ਹਾਥੀ ਘੋੜੇ, ਊਠ, ਕੁੱਤੇ ਮਨੁੱਖ ਦੇ ਕਈ ਕਾਰਜ ਸੰਵਾਰਦੇ ਹਨ। ਅਤਿ ਖ਼ਤਰਨਾਕ ਚੀਤੇ ਤੇ ਸ਼ੇਰ ਸਰਕਸ ਰਾਹੀਂ ਲੋਕਾਂ ਦਾ ਮਨੋਰੰਜਨ ਕਰਦੇ ਹਨ। ਇਹ ਵੇਖ ਕੇ ਹੀ ਗੁਰਮਤਿ ਨੂੰ ਕਹਿਣਾ ਪਿਆ ਹੈ ਕਿ —

ਅਵਰਿ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ *(ਪੰਨਾ ੩੭੪)*

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਧਰਤੀ ਦਾ ਸਰਦਾਰ ਮਨੁੱਖਾ ਜਨਮ ਹੀ ਹੈ। ਪਰ ਮਨੁੱਖ ਜਨਮ ਵਿਚ ਜੇਕਰ ਇਸ ਜੀਵਾਤਮਾ ਨੇ ਪ੍ਰਮਾਤਮਾ ਵੱਲ ਨੂੰ ਉਪਰਾਲਾ ਨਾ ਕੀਤਾ ਤਾਂ ਇਸ ਤੋਂ ਬਾਅਦ ਫਿਰ ਉਸੇ ਹੀ ਚੱਕਰ ਵਿਚ ਦੁਬਾਰਾ ਚਲਣਾ ਪਵੇਗਾ। ਆਤਮਕ ਤੌਰ ਤੇ ਕੋਈ ਅੱਖ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਉਸ ਮਿਲਾਪ ਲਈ ਗੁਰਦੇਵ ਕਥਨ ਕਰਦੇ ਹਨ ਕਿ —

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥
ਨਾਨਕ ਹੁਕਮੁ ਪਛਾਣਿਕੈ ਤਉ ਖਸਮੈ ਮਿਲਣਾ ॥੧॥

(ਪੰਨਾ ੧੩੯)

ਮੁਕਤੀ ਦਾ ਦਰ ਬਹੁਤ ਸੂਖਸ਼ਮ ਹੈ। ਸੰਸਕਾਰਾਂ ਦੀ ਪੰਡ ਵੀ ਭਾਰੀ ਹੈ। ਜੀਵਾਤਮਾ ਵੀ ਬੜੀ ਗਾਫ਼ਲ ਹੈ। ਜਿਹੜੀ ਜੀਵਾਤਮਾ ਕਈ ਜਨਮਾਂ ਦਾ ਸਫ਼ਰ ਕਰਦੀ ਹੋਈ ਆਈ ਹੈ, ਉਹ ਤਾਂ ਰਸਤੇ ਦੀ ਗਰਦ ਨਾਲ ਅਲੂਦ ਹੋਵੇਗੀ। ਭਾਵ ਕਿ ਜਿੰਨੇ ਜ਼ਿਆਦਾ ਜਨਮ ਲਏ ਓਨੇ ਜ਼ਿਆਦਾ ਸੰਸਕਾਰ ਨਾਲ ਆਏ ਹੋਣਗੇ। ਇਨ੍ਹਾਂ ਸੰਸਕਾਰਾਂ ਕਰਕੇ ਪਤਾ ਨਹੀ ਕਿੰਨੀ ਵਾਰ ਸਰੀਰ ਮਿਲਿਆ ਹੈ ਅਤੇ ਕਿੰਨੀ ਵਾਰ ਮਰਿਆ ਹੈ। ਇਹ ਸਿਲਸਲਾ ਪਤਾ ਨਹੀਂ ਕਦੋਂ ਤੋਂ ਚਲਿਆ ਆ ਰਿਹਾ ਹੈ ਅਤੇ ਕਦੋਂ ਤਕ ਹੋਰ ਚਲੇਗਾ। ਇਕ ਸਿਆਣੇ ਦਾ ਕਹਿਣਾ ਹੈ ਕਿ —

ਹਰ ਗਮ ਪੇ ਦੂਰ ਹੂਈ ਜਾਤੀ ਹੈ ਮੇਰੀ ਮੰਜ਼ਿਲ ॥
ਮੈਂ ਭੀ ਸਫ਼ਰ ਮੇਂ ਹੂੰ ਮੇਰੀ ਮੰਜ਼ਿਲ ਭੀ ਸਫ਼ਰ ਮੇਂ ਹੈ ॥

(ਇਕ ਵਿਦਵਾਨ)

ਇਹ ਸਾਰੀ ਸ਼ੰਖਲਾ ਦੀ ਸ਼ੁਰੂਆਤ ਹਉਮੈ ਤੋਂ ਹੁੰਦੀ ਹੈ। ਹਉਮੈ ਦਾ ਭਾਵ ਹੈ ਕਿ "ਮੈ ਕੁਝ ਹਾਂ"। ਮੇਰੀ ਇਕ ਆਪਣੀ ਹੋਂਦ ਹੈ। ਇਹ ਜੀਵਾਤਮਾ ਹਉਮੈ ਵੱਸ ਹੋ ਕੇ ਆਪਣੀ ਹੋਂਦ ਨੂੰ ਵੱਧ ਤੋਂ ਵੱਧ ਵੱਡਾ ਕਰਨਾ ਚਾਹੁੰਦੀ ਹੈ। ਇਸ ਵਾਸਤੇ ਆਪਣੇ ਸਰੀਰ ਨੂੰ ਸੰਸਾਰ ਦੇ ਬਹੁਤ ਨੇੜੇ ਕਰਦੀ ਹੈ। ਨੇੜਤਾ ਨਾਲ "ਮੋਹ" ਵੱਡਾ ਹੋਣ ਲਗਦਾ ਹੈ। "ਸਿਧ ਗੋਸਟ" ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਸਿੱਧਾਂ ਨੇ ਇਸ ਤਰ੍ਹਾਂ ਦੇ ਇਕ ਪ੍ਰਸ਼ਨ

ਦਾ ਉੱਤਰ ਪੁਛਿਆ ਹੈ। ਸਿੱਧ ਪੁੱਛਦੇ ਹਨ ਕਿ ਗੁਰਦੇਵ, ਸਾਨੂੰ ਦਸੋ? ਕਿ—

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ॥ *(ਪੰਨਾ ੯੪੬)*

ਭਾਵ ਕਿ ਸੰਸਾਰ ਪੈਦਾ ਕਿਵੇਂ ਹੁੰਦਾ ਹੈ ਅਤੇ ਇਸ ਜੀਵ ਦਾ ਜਨਮ ਮਰਨ ਦਾ ਦੁਖ ਕਿਵੇਂ ਮੁੱਕੇ? ਤਾਂ ਇਸ ਪ੍ਰਸ਼ਨ ਦਾ ਜਵਾਬ ਗੁਰੂ ਨਾਨਕ ਦੇਵ ਜੀ ਮਹਾਰਾਜ ਦੇਂਦੇ ਹਨ—

ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ॥ *(ਪੰਨਾ ੯੪੬)*

ਭਾਵ ਹਉਮੈ ਦੀ ਵਜ੍ਹਾ ਕਰਕੇ ਹੀ ਬਾਰ ਬਾਰ ਜੀਵ ਜੰਮਦਾ ਮਰਦਾ ਹੈ। ਨਾਮ ਵਿਸਰਨ ਕਰਕੇ ਇਹ ਦੁਖ ਪਾਉਂਦਾ ਹੈ। ਸਾਰੇ ਦੁਖ ਦਾ ਇਲਾਜ ਇੱਕ "ਨਾਮ" ਹੈ। ਨਾਮ ਕੋਈ ਬਾਹਰ ਨਹੀਂ ਹੈ। ਆਪਣੇ ਆਪ ਵਿਚ ਹੀ ਇਕ ਇਸ ਤਰ੍ਹਾਂ ਦੀ ਧੁਨ ਹੈ ਜੋ ਅਨਹਦ "ਨਾਮ" ਹੈ। ਮਨ ਦੀਆਂ ਤਰੰਗਾਂ ਕਰਕੇ ਹੀ ਉਸ ਦੀ ਪ੍ਰਾਪਤੀ ਨਹੀਂ ਹੁੰਦੀ।

ਮਨ, ਸੰਸਾਰ ਨੂੰ ਹੀ ਸਭ ਕੁਝ ਮੰਨਦਾ ਹੈ। ਸੰਸਾਰ ਦੀ ਨੇੜਤਾ ਦਾ ਮੋਹ ਵਧਦਾ ਹੈ। ਮਨੁੱਖੀ ਹੋਂਦ ਸੰਸਾਰ ਦੇ ਮੋਹ ਕਰਕੇ ਇਸ ਤਰ੍ਹਾਂ ਦਾ ਇਕ ਦਾਇਰਾ ਬਣਾਉਂਦੀ ਹੈ ਕਿ ਇਹ ਦਾਇਰਾ ਵਧਦਾ ਹੀ ਜਾਂਦਾ ਹੈ। ਇਸੇ ਦਾਇਰੇ ਵਿੱਚ ਪਹਿਲਾਂ ਪੁੱਤਰ ਪੋਤਰੇ, ਧੀਆਂ ਦੋਹਤਰੇ, ਭਰਾ ਭਤੀਜੇ, ਮਾਂ ਬਾਪ, ਸਹੁਰੇ ਜਵਾਈ, ਪਤੀ ਪਤਨੀ ਆਦਿ ਅਤੇ ਉਨ੍ਹਾਂ ਨਾਲ ਹੀ ਸਬੰਧਤ ਨੇੜੇ ਦੀਆਂ ਰਿਸ਼ਤੇਦਾਰੀਆਂ ਨਾਤੇਦਾਰੀਆਂ ਤੇ ਸਾਕੇਦਾਰੀਆਂ। ਥੋੜ੍ਹਾ ਹੋਰ ਅਗੇ ਦੇਖੋ ਤਾਂ ਹਉਮੈ ਦੀ ਡੋਰੀ ਨਾਲ ਹੀ ਮਿੱਤਰ ਹਿਤੈਸ਼ੀ ਵੀ ਆ ਜਾਂਦੇ ਹਨ। ਆਖ਼ਰ ਜਾਣ ਪਛਾਣ ਮੁਕ ਜਾਂਦੀ ਹੈ। ਇਹ ਹਉਮੈ ਜਾਂ ਆਪਣੀ ਹੋਂਦ ਦਾ ਸੰਸਾਰ, ਬਹੁਤ ਛੋਟਾ ਹੈ। ਇਹ ਸਾਰਾ ਵਰਤਮਾਨ ਸਰੀਰ ਨਾਲ ਹੀ ਸਬੰਧਤ ਹੈ। ਪਰ ਵਰਤਮਾਨ ਸਰੀਰ ਦੇ ਅੰਤ ਹੋਣ ਨਾਲ ਹੀ ਇਹ ਜੋ—

ਹਉ ਹਉ ਕਰਮ ਕਮਾਣੇ॥ ਤੇ ਤੇ ਬੰਧ ਗਲਾਣੇ॥
(ਪੰਨਾ ੧੦੦੪)

ਭਾਵ ਕਿ ਹਉਮੈ ਦਾ ਦੀਰਘ ਰੋਗ ਬਣ ਕੇ ਵਰਤਮਾਨ ਸਰੀਰ ਦੇ ਛੁਟ ਜਾਣ ਤੋਂ ਬਾਅਦ ਵੀ ਜੀਵਾਤਮਾ ਦੇ ਨਾਲ ਸੂਖਸ਼ਮ ਮੈਲ ਬਣ ਕੇ ਅਗੇ ਜਾਂਦਾ ਹੈ। ਅਗਲੇ ਜਨਮ ਦੀ ਬਣਤਰ ਵੀ ਉਸੇ ਹਉਮੈ ਅਤੇ ਵਾਸ਼ਨਾ ਦੇ

ਅਧਾਰ ਉੱਪਰ ਬਣਦੀ ਹੈ। ਇਹ ਗੇੜ ਸ਼ੁਰੂ ਹੀ ਰਹਿੰਦਾ ਹੈ। ਇਸੇ ਗੇੜ ਵਿਚ ਪਸ਼ੂ ਪੰਛੀ, ਕੀੜੇ ਜਾਂ ਮਕੌੜੇ ਆਦਿ ਦਾ ਸੰਸਾਰ ਸ਼ੁਰੂ ਹੋ ਜਾਂਦਾ ਹੈ। ਫਿਰ ਇਹ ਜੀਵ –

ਬਹੁ ਜੋਨੀ ਭਰਮਾਵਣਿਆ॥

ਇਹ ਭਟਕਣਾ, ਜੰਮਣਾ ਮਰਨਾ, ਜੁੱਗਾਂ ਜੁਗਾਂਤਰਾਂ ਤੋਂ ਲਗੀ ਹੋਈ ਹੈ ਅਤੇ ਲਗੀ ਰਹਿੰਦੀ ਹੈ। ਇਹ ਭਟਕਣਾ ਉਦੋਂ ਹੀ ਮੁਕਦੀ ਹੈ ਜਦੋਂ ਕਿਤੇ ਮਨੁੱਖੀ ਜਨਮ ਵਿਚ ਗੁਰੂ ਕ੍ਰਿਪਾ ਦੁਆਰਾ ਸ਼ਬਦ ਦੀ ਸਮਝ ਪੈ ਜਾਏ।

ਮੂਲ ਰੋਗ ਦਾ ਪਤਾ ਲਗ ਜਾਏ ਤਾਂ, ਮੂਲ ਸਰੂਪ ਦਾ ਵੀ ਪਤਾ ਲਗ ਜਾਂਦਾ ਹੈ। ਇਹ ਰੋਗ ਲਾ-ਇਲਾਜ ਤਾਂ ਨਹੀਂ, ਪਰ ਉਲਝਿਆ ਹੋਇਆ ਜ਼ਰੂਰ ਹੈ।

ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ, ਗੁਰੂ ਦੀ ਮੱਤ ਅਤੇ ਨਾਮ ਸ਼ਬਦ ਦੀ ਬਰਕਤ ਨਾਲ "ਹਉਮੈ ਦੀਰਘ ਰੋਗ" ਦਾ ਇਲਾਜ ਹੋ ਸਕਦਾ ਹੈ।

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥
(ਪੰਨਾ ੪੬੫)

ਮਨ, ਹਉਮੈ ਨੂੰ ਜਨਮ ਦੇਂਦਾ ਹੈ। ਹਉਮੈ ਮੋਹ ਨੂੰ ਜਨਮ ਦੇਂਦੀ ਹੈ। ਮੋਹ ਮਮਤਾ ਨੂੰ ਜਨਮ ਦੇਂਦਾ ਹੈ। ਮਮਤਾ ਦੇ ਸੰਸਕਾਰ ਮਨ ਨੂੰ ਮਿਲਦੇ ਹਨ। ਜਿੰਨੇ ਅਤੇ ਜਿਸ ਤਰ੍ਹਾਂ ਦੇ ਸੰਸਕਾਰ ਮਨ ਨੂੰ ਮਿਲਦੇ ਹਨ। ਮਨ ਉਨਾਂ ਹੀ ਭਾਰਾ ਅਤੇ ਮੈਲਾ ਹੁੰਦਾ ਜਾਂਦਾ ਹੈ। ਬੱਸ, ਇਸ ਭਾਰ ਨੂੰ ਅਸੀਂ ਪਾਪ ਕਹਿ ਸਕਦੇ ਹਾਂ। ਇਹਨਾ ਪਾਪਾਂ ਦੇ ਬੋਝ ਹੇਠਾਂ ਜੀਵਾਤਮਾ ਬੋਝਲ ਹੋ ਕੇ ਦੱਬੀ ਰਹਿੰਦੀ ਹੈ।

ਮਨ ਦੇ ਬੰਧਨ
ਅਤੇ
ਕੁਦਰਤ ਦੀ ਕਲਾ

ਮਮਤਾ ਦਾ ਅਰਥ ਹੈ, ਮੈਂ, ਜਾਂ ਮੇਰਾ ਭਾਵ ਦੀ ਪਕੜ। ਹਰ ਵਸਤੂ ਨਾਲ ਮਨ ਦੀ ਪਕੜ ਹੁੰਦੀ ਹੈ ਕਿ ਇਹ ਮੇਰੀ ਹੋ ਜਾਏ। ਅਖ਼ੀਰ ਇਥੋਂ ਤਕ ਵੀ ਕਿ ਸਮੁੱਚੀ ਕਾਇਨਾਤ ਉੱਪਰ ਕਬਜ਼ੇ ਦੀ ਭਾਵਨਾ। ਇਹ ਮੋਹ ਜਾਂ ਮਮਤਾ ਹੀ ਬੰਧਨ ਦਾ ਕਾਰਨ ਹੈ। ਅਗਰ ਹਰੇਕ ਬੰਧਨ ਤੋਂ ਬੰਦਾ ਮੁਕਤ ਹੋ ਵੀ ਜਾਵੇ, ਤਾਂ ਵੀ ਮਮਤਾ ਦਾ ਬੰਧਨ ਮਨੁੱਖ ਨੂੰ ਪਿਆਰਾ ਹੀ ਲਗਦਾ ਹੈ। ਮਮਤਾ ਦੇ ਬੰਧਨ ਨੂੰ ਖੋਲ੍ਹਣ ਲਈ ਬੰਦਾ ਕਦੀ ਰਾਜ਼ੀ ਨਹੀਂ ਹੁੰਦਾ। ਇਹ ਬੰਧਨ ਹੀ ਮਨੁੱਖ ਨੂੰ ਸੰਸਾਰੀ ਗਹਿਣਾ ਲਗਦਾ ਹੈ। ਸੰਸਾਰੀ ਸ਼ਿੰਗਾਰ ਸਾਰਾ ਮਮਤਵ ਤੋਂ ਹੀ ਤਾਂ ਬਣਦਾ ਹੈ ਵਰਨਾ ਸੰਸਾਰ ਤੋਂ ਉਪਰਾਮਤਾ ਹੋ ਜਾਏ।

ਹੁਣ ਜਿਸ ਕੈਦੀ ਨੂੰ ਹੱਥਕੜੀ ਹੀ ਗਹਿਣਾ ਜਾਪਣ ਲਗ ਪਵੇ। ਕੈਦਖਾਨਾ ਆਪਣਾ ਘਰ ਜਾਂ ਨਿਵਾਸ ਅਸਥਾਨ ਹੋ ਜਾਏ। ਉਸ ਮਨੁੱਖ ਨੂੰ ਅਜ਼ਾਦ (ਮੁਕਤ) ਨਹੀਂ ਕੀਤਾ ਜਾ ਸਕਦਾ। ਉਸ ਨੂੰ ਮੁਕਤ ਕਰਨਾ ਬੜਾ ਕਠਨ ਹੈ। ਹੱਥਕੜੀ ਭਾਵੇਂ ਸੋਨੇ ਦੀ ਹੋਵੇ ਤੇ ਭਾਵੇਂ ਲੋਹੇ ਦੀ ਹੋਵੇ। ਉਹ ਹੱਥਕੜੀ ਇਕ ਬੰਧਨ ਹੈ।

ਸੋਨੇ ਦੇ ਪਿੰਜਰੇ ਅਤੇ ਘਿਉ ਦੀ ਚੂਰੀ ਨਾਲ ਜਿਸ ਪੰਛੀ ਦਾ ਮੋਹ ਹੋ ਜਾਏ। ਉਸ ਨੂੰ ਅਕਾਸ਼ ਦੀ ਪ੍ਰਵਾਜ਼ ਭੁੱਲ ਜਾਂਦੀ ਹੈ। ਉਸ ਨੂੰ ਜੇਕਰ ਅਕਾਸ਼ ਵਿਚ ਉਡਾ ਵੀ ਦਿੱਤਾ ਜਾਵੇ ਤਾਂ ਵੀ ਉਹ ਦੁਬਾਰਾ ਪਿੰਜਰੇ ਵਿਚ ਹੀ ਆ ਕੇ ਬੈਠੇਗਾ।

ਐ ਤਾਇਰੇ ਲਾਹੋਤੀ, ਉਸ ਰਿਜ਼ਕ ਸੇ ਮੌਤ ਆਛੀ॥
ਜਿਸ ਰਿਜ਼ਕ ਸੇ ਆਤੀ ਹੋ ਪ੍ਰਵਾਜ਼ ਮੇ ਕੋਤਾਹੀ॥

(ਇਕ ਸਿਆਣਾ ।ਵਿਦਵਾਨ)

ਗੁਰੂ ਦਾ ਦੁਆਰ, ਮੁਕਤੀ ਦਾ ਦੁਆਰ ਹੈ। ਗੁਰੂ ਦਾ ਘਰ ਬੰਧਨ ਤੋੜ ਦੇਂਦੈ। ਬੰਧਨ ਸਾਰੇ ਅਉਗਣ ਹਨ। ਸਾਹਿਬ ਕਹਿੰਦੇ ਹਨ —

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥

ਜਿੰਨੇ ਅਉਗਣ ਹਨ। ਸਭ ਜੰਜ਼ੀਰਾਂ ਹਨ। ਬੜੀ ਮੁਸ਼ਕਲ ਨਾਲ ਗੁਰੂ ਦੁਆਰੇ ਆਉਂਦੇ ਹਾਂ। ਇਕ ਅਧ ਜ਼ੰਜੀਰ ਤੋੜਦੇ ਹਾਂ। ਦਸ ਸੰਗਲ ਹੋਰ ਪੈ ਜਾਂਦੇ ਹਨ। ਸੰਗਲ ਰੋਜ਼ ਵਧਦੇ ਜਾ ਰਹੇ ਹਨ। ਮਨੁੱਖ ਦਾ ਮੁਕਤਿ ਹੋਣਾ ਰੋਜ਼ ਰੋਜ਼ ਔਖਾ ਹੋਈ ਜਾ ਰਿਹੈ। ਬੰਧਨ ਵਧ ਰਹੇ ਹਨ।

ਬੰਧਨ ਮਾਤ ਪਿਤਾ ਸੰਸਾਰਿ॥ *(ਪੰਨਾ ੪੧੬)*

ਸਤਿਗੁਰੂ ਕਹਿੰਦੇ ਹਨ ਜਿਸ ਜਿਸ ਕੋਲ ਬੈਠੀਏ, ਜਿਨ੍ਹੰ ਵੇਖਿਆਂ ਰੱਬ ਭੁਲੇਗਾ, ਬੱਸ! ਉਹ ਬੰਧਨ ਹੈ। ਅਉਗਣ ਸਭ ਬੰਧਨ ਹਨ। ਬੰਧਨਾਂ ਤੋਂ ਅਜ਼ਾਦੀ, ਇਹ ਮੋਖਸ਼ ਹੈ।

ਬੰਧਨ ਤੋੜੈ ਹੋਵੈ ਮੁਕਤੁ॥ ਸੋਈ ਬ੍ਰਹਮਣੁ ਪੂਜਣ ਜੁਗਤੁ॥੧੯॥

(ਪੰਨਾ ੧੪੧੧)

ਪਰ ਮਨੁੱਖ ਬੰਧਨਾਂ ਨੂੰ ਵਧਾ ਰਿਹਾ ਹੈ। ਕ੍ਰੋਧ ਵਧ ਰਿਹੈ। ਲੋਭ ਲਾਲਚ ਵਧ ਰਿਹੈ। ਵਾਸ਼ਨਾ ਵਧ ਰਹੀ ਹੈ। ਝੂਠ, ਫ਼ਰੇਬ ਵਧ ਰਿਹੈ। ਸੰਗਲ ਮਜ਼ਬੂਤ ਹੁੰਦੇ ਜਾ ਰਹੇ ਹਨ। ਬੰਧਨ ਰੋਜ਼ ਰੋਜ਼ ਵਧਦੇ ਜਾ ਰਹੇ ਹਨ। ਜਿੰਨੇ ਬੰਧਨ ਵਧਣਗੇ, ਉਨ੍ਹਾਂ ਹੀ ਮਨੁੱਖ ਦੁਖੀ ਹੋਵੇਗਾ। ਬੋਝਲ ਹੋਵੇਗਾ। ਹਾਂ ਉਹ ਬੰਦਾ ਬਹੁਤ ਬਦ ਕਿਸਮਤ ਹੈ, ਜਿਹੜਾ ਸੰਗਲਾਂ ਨੂੰ ਵੀ ਗਹਿਣੇ ਹੀ ਸਮਝ ਲਵੇ। ਹੱਥਕੜੀਆਂ ਨੂੰ ਵੀ ਗਹਿਣੇ ਸਮਝ ਲਏ ਤੇ ਆਖੇ ਠੀਕ ਹੈ। ਮੇਰਾ ਸ਼ਿੰਗਾਰ ਹੈ।

ਮਿਸਰ ਵਿਚ ਕਿਸੇ ਜ਼ਮਾਨੇ ਵਿਚ ਕੁਝ ਉਮਰ ਕੈਦੀ ਸਨ। ਉਮਰ ਕੈਦ ਦਾ ਮਤਲਬ ਪਈ ਲਾਸ਼ ਹੀ ਨਿਕਲੇਗੀ ਜੇਲ੍ਹ ਵਿਚੋਂ। ਇਹ ਨਹੀਂ ਪਈ ਚੌਦਾਂ ਪੰਦਰਾਂ ਸਾਲ ਭੋਗ ਕੇ ਕੱਢ ਲੈਣਾ। ਬਾਦਸ਼ਾਹੀ ਜ਼ਮਾਨਾ ਸੀ। ਉਮਰ ਕੈਦ ਦਾ ਮਤਲਬ ਸੀ ਪਈ ਸਾਰੀ ਜ਼ਿੰਦਗੀ ਹੁਣ ਅੰਦਰ। ਕੁਝ ਇਸ ਤਰ੍ਹਾਂ ਦੇ ਕੈਦੀ ਜਿਨ੍ਹਾਂ ਤੋਂ ਬਾਦਸ਼ਾਹ ਨੂੰ ਬੜਾ ਡਰ ਸੀ। ਬੱਸ! ਉਨ੍ਹਾਂ ਦੇ ਪੈਰਾਂ ਤੇ ਹੱਥਾਂ ਵਿਚ ਬੇੜੀਆਂ ਤੇ ਕੜੀਆਂ ਸਨ। ਕਦੀ ਖੋਲ੍ਹੀਆਂ ਨਹੀਂ ਗਈਆਂ ਸਨ। ਹੱਥ ਪੈਰ ਦਿਨੇ ਰਾਤ ਬੰਨ੍ਹੇ ਰਹਿੰਦੇ ਸਨ। ਕਈ ਸਾਲ ਇਸੇ ਤਰ੍ਹਾਂ ਬਤੀਤ ਹੋ ਗਏ। ਉਮਰ ਦਾ ਕਾਫ਼ੀ ਹਿੱਸਾ ਬੇੜੀਆਂ ਵਿਚ ਲੰਘ ਗਿਆ। ਮਿਸਰ ਵਿਚ ਕਰਾਂਤੀ ਆਈ। ਰਾਜ ਪਲਟਾ ਹੋਇਆ। ਆਖ਼ਰ ਪੁਰਾਣੇ ਕੈਦੀਆਂ ਨੂੰ ਰਿਹਾਈ ਦਾ ਹੁਕਮ ਹੋਇਆ। ਕਹਿੰਦੇ ਹਨ ਉਨ੍ਹਾਂ ਕੈਦੀਆਂ ਨੂੰ ਜਿਨ੍ਹਾਂ ਨੂੰ ਪੱਚੀ ਪੱਚੀ ਸਾਲ ਹੱਥਕੜੀਆਂ ਤੇ ਬੇੜੀਆਂ ਵਿਚ ਬਤੀਤ ਹੋ ਗਏ ਸਨ। ਬੁੱਢੇ ਹੋ ਗਏ। ਅੱਜ

ਜਦ ਆਖਿਆ ਕਿ ਤੁਹਾਨੂੰ ਅਜ਼ਾਦ ਕੀਤਾ! ਬਾਹਰ ਚਲੋ! ਬੇੜੀਆਂ ਤੋੜ ਦਿੱਤੀਆਂ! ਹੱਥਕੜੀਆਂ ਤੋੜ ਦਿੱਤੀਆਂ! ਆਪ ਸੁਣ ਕੇ ਦੰਗ ਹੋਵੋਗੇ ਕਿ ਉਹ ਕੈਦੀ ਕਹਿਣ ਲਗੇ! ਸਾਡੇ ਹੱਥ ਚੰਗੇ ਨਹੀਂ ਲਗਦੇ! ਪੈਰ ਚੰਗੇ ਨਹੀਂ ਲਗਦੇ। ਪਾ ਦਿਉ ਦੁਬਾਰਾ ਉਹੀ ਗਹਿਣੇ। ਸਾਨੂੰ ਚੰਗਾ ਨਹੀਂ ਲਗਦਾ। ਆਦਤ ਹੋ ਗਈ ਸੀ। ਅਭਿਆਸ ਹੋ ਗਿਆ ਸੀ। ਹੱਥਕੜੀਆਂ ਨਾਲ ਹੀ ਸਹਿਮਤ ਹੋ ਗਏ ਸਨ। ਬਾਹਰ ਨਿਕਲਣ ਨੂੰ ਵੀ ਰਾਜ਼ੀ ਨਹੀਂ ਸਨ। ਕਹਿੰਦੇ ਸਨ ਕਿਥੇ ਜਾਈਏ? ਇਹੀ ਘਰ ਹੈ ਸਾਡਾ। ਹੁਣ ਉਹ ਤਾਂ ਬਹੁਤ ਬਦ ਕਿਸਮਤ ਬੰਦੇ ਹਨ! ਜਿਹੜੇ ਜੇਲ੍ਹ ਦੀ ਕੋਠੜੀ ਨੂੰ ਆਪਣਾ ਘਰ ਸਮਝ ਲੈਣ। ਉਹ ਬੜਾ ਅਭਾਗਾ ਬੰਦਾ ਜਿਹੜਾ ਹੱਥਕੜੀਆਂ ਤੇ ਬੇੜੀਆਂ ਨੂੰ ਹੀ ਗਹਿਣਾ ਸਮਝ ਲਵੇ।

ਯਕੀਨ ਜਾਣੋ ਮਨੁੱਖ ਨੇ ਅਉਗਣਾਂ ਨੂੰ ਵੀ ਗੁਣ ਸਮਝਿਆ ਹੋਇਆ ਹੈ। ਬਦਫ਼ੈਲੀਆਂ ਨੂੰ ਹੀ ਮਹਾਨ ਸਮਝ ਲਿਐ। ਚਲਾਕੀ ਤੇ ਫ਼ਰੇਬ ਨੂੰ ਹੀ ਮਹਾਨਤਾ ਦੇਈ ਜਾ ਰਿਹੈ। ਇਸ ਵਾਸਤੇ ਮਨੁੱਖ ਦਾ ਮੋਖਸ਼ ਹੋਣਾ। ਮਨੁੱਖ ਦਾ ਅਜ਼ਾਦ ਹੋਣਾ ਰੋਜ਼ ਰੋਜ਼ ਔਖਾ ਹੋਈ ਜਾ ਰਿਹੈ। ਇਹ ਬੰਧਨ ਵਧਦੇ ਜਾਂਦੇ ਨੇ। ਇਹ ਵੀ ਕਹਿੰਦੇ ਨੇ ਕਿ ਲੰਬੀ ਬਿਮਾਰੀ ਦਾ ਜੋ ਮਰੀਜ਼ ਹੈ, ਪੰਜ ਦਸ ਸਾਲ ਤੋਂ ਕਿਸੇ ਰੋਗ ਵਿਚ ਰਹਿ ਰਿਹਾ ਹੋਵੇ, ਤਰ੍ਹਾਂ ਤਰ੍ਹਾਂ ਦੀਆਂ ਦਵਾਈਆਂ ਖਾ ਕੇ ਵੀ ਠੀਕ ਨਾ ਹੋਇਆ ਹੋਵੇ। ਅੰਦਰੋਂ ਨਿਰਾਸ਼ ਹੋ ਕੇ ਦਵਾਈ ਖਾਣੀ ਹੀ ਬੰਦ ਕਰ ਦੇਵੇ। ਹੌਲੀ ਹੌਲੀ ਫਿਰ ਬਿਮਾਰੀ ਨਾਲ ਸਹਿਮਤ ਹੋ ਜਾਂਦੈ। ਤੰਦਰੁਸਤੀ ਦਾ ਅੰਦਰੋਂ ਖ਼ਿਆਲ ਹੀ ਮਿਟ ਜਾਂਦੈ। ਪਰ ਮਨੋ ਵਿਗਿਆਨੀ ਇਹ ਕਹਿੰਦੇ ਨੇ ਕਿ ਐਸੇ ਮਨੁੱਖ ਨੂੰ ਰਾਜ਼ੀ ਕਰਨਾ ਬਹੁਤ ਔਖੈ। ਉਹਨੂੰ ਠੀਕ ਨਹੀਂ ਕੀਤਾ ਜਾ ਸਕਦਾ। ਹੁਣ ਉਨੂੰ ਭਾਵੇਂ ਵਧੀਆ ਤੋਂ ਵਧੀਆ ਦਵਾਈ ਵੀ ਦਿਤੀ ਜਾਵੇ। ਉਹ ਠੀਕ ਨਹੀਂ ਹੋਵੇਗਾ। ਕਿਉਂਕਿ ਮਨ ਰੋਗ ਨਾਲ ਸਹਿਮਤ ਹੋ ਗਿਆ। ਠੀਕ ਹੈ ਇਹ ਤਾਂ ਰਹਿਣਾ ਹੀ ਹੈ। ਸਾਰੀ ਜ਼ਿੰਦਗੀ ਰਹਿਣਾ ਹੀ ਏ। ਇਹ ਮਰੀਜ਼ ਵਾਸਤੇ ਬਹੁਤ ਵੱਡੀ ਬਦ ਕਿਸਮਤੀ ਹੈ ਕਿ ਰੋਗ ਨਾਲ ਵੀ ਸਹਿਮਤ ਹੋ ਗਿਐ।

ਮਨੁੱਖ ਦਾ ਸਭ ਤੋਂ ਵੱਡਾ ਦੁਰਭਾਗ ਹੈ ਕਿ ਉਹ ਅਉਗਣਾਂ ਨਾਲ ਹੀ ਸਹਿਮਤ ਹੋ ਗਿਆ ਹੈ। ਜਿਹੜਾ ਅਉਗੁਣਾਂ ਨਾਲ ਰਾਜ਼ੀ ਹੋ ਜਾਏ। ਉਨੂੰ ਗੁਣਵਾਨ ਬਨਾਉਣਾ ਬੜਾ ਔਖਾ ਹੈ। ਜਿਹੜਾ ਕੁਰਹਿਤਾਂ ਨਾਲ ਰਾਜ਼ੀ ਹੋ ਜਾਵੇ ਉਨੂੰ ਰਹਿਤ ਬਹਿਤ ਵਿਚ ਰੱਖਣਾ ਬੜਾ ਔਖਾ ਹੈ। ਜਿਹੜਾ ਮਨਮਤ

ਨਾਲ ਸਹਿਮਤ ਹੈ, ਉਹ ਗੁਰੂ ਮਤ ਅਨੁਸਾਰ ਨਹੀਂ ਜੀਵੇਗਾ। ਜਦ ਕਿ ਸਤਿਗੁਰੂ ਕਹਿੰਦੇ ਨੇ —

ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥

(ਪੰਨਾ ੭੬੩)

ਗੁਰਦੇਵ ਕਹਿੰਦੇ ਨੇ ਮੇਰੇ ਕੋਲ ਆਉਣਾ ਤਾਂ ਮਨ ਦੀ ਮਤ ਪਰ੍ਹੇ ਰੱਖਕੇ ਆਉਣਾ —

ਮਨ ਕੀ ਮਤਿ ਤਿਆਗਹੁ ਹਰਿਜਨ ਏਹਾ ਬਾਤ ਕਠੈਨੀ॥

ਪੰਨਾ ੮੦੦)

ਸਭ ਤੋਂ ਕਠਨ ਗੱਲ ਇਹ ਹੈ। ਆਪਣੀ ਮਤ ਤਿਆਗਣੀ। ਸਭ ਤੋਂ ਔਖੀ ਗੱਲ ਕੀ ਹੈ, ਗੁਰੂ ਦੀ ਮਤ ਲੈਣੀ। ਜਦ ਕਿ ਗੁਰੂ ਕਹਿ ਰਹੇ ਨੇ —

ਗੁਰ ਕੀ ਮਤਿ ਤੂੰ ਲੇਹਿ ਇਆਨੇ॥
ਭਗਤਿ ਬਿਨਾ ਬਹੁ ਡੂਬੇ ਸਿਆਨੇ॥ *(ਪੰਨਾ ੨੮੮)*

ਆਪਣੀ ਮਤ ਨਾਲ ਬੰਦਾ ਧਨ ਜ਼ਰੂਰ ਕਮਾ ਸਕਦੈ। ਆਪਣੀ ਮਤ ਨਾਲ ਬੰਦਾ, ਧਰਮ ਨਹੀਂ ਕਮਾ ਸਕਦਾ। ਆਪਣੀ ਮਤ ਨਾਲ ਬੰਦਾ ਸ਼ਰਾਬ ਪੀ ਸਕਦੈ। ਆਪਣੀ ਮਤ ਨਾਲ ਅੰਮ੍ਰਿਤ ਨਹੀਂ ਛਕ ਸਕੇਗਾ। ਗੁਰੂ ਕੀ ਮਤ ਲੈਣੀ ਪਏਗੀ। ਆਪਣੀ ਮਤ ਨਾਲ ਬੰਦਾ ਕੇਸ਼ਾਂ ਵਿਚ ਕੈਂਚੀ ਫੇਰ ਸਕਦੈ। ਕੋਈ ਬੰਦਸ਼ ਨਹੀਂ। ਪਰ ਗੁਰੂ ਦੀ ਮਤ ਨਾਲ ਇਹ ਨਹੀਂ ਕਰ ਸਕੇਗਾ। ਜਿਹੜਾ ਆਪਣੀ ਮਤ ਨਾਲ ਹੀ ਰਾਜ਼ੀ ਹੋ ਗਿਐ। ਸਮਝੋ ਅਉਗਣਾਂ ਨਾਲ ਰਾਜ਼ੀ ਹੋ ਗਿਐ।" ਜੋ ਆਪਣੀ ਮਤ ਨਾਲ ਰਾਜ਼ੀ ਹੋ ਗਿਆ, "ਉਹ ਬੀਮਾਰੀ ਨਾਲ ਰਾਜ਼ੀ ਹੋ ਗਿਐ। ਉਸ ਨੂੰ ਰਾਜ਼ੀ ਨਹੀਂ ਕੀਤਾ ਜਾ ਸਕਦਾ। ਸਭ ਤੋਂ ਵੱਡਾ ਦੁਰਭਾਗ ਹੈ ਕਿ ਬੰਦਾ ਆਪਣੀ ਮਤ ਨਾਲ ਸਹਿਮਤ ਹੋ ਜਾਂਦੈ। ਸਭ ਤੋਂ ਵੱਡੀ ਖ਼ੁਸ਼ ਕਿਸਮਤੀ ਏ ਕਿ ਗੁਰੂ ਦੀ ਮਤ ਲੈਣ ਨੂੰ ਰਾਜ਼ੀ ਹੋ ਜਾਏ। ਗੁਰੂ ਗ੍ਰੰਥ ਸਾਹਿਬ ਦਾ ਜੋ ਸਰੂਪ ਹੈ। ਇਹ ਗੁਰੂ ਦੀ ਮਤ ਹੈ। ਗੁਰੂ ਦੀ ਵੀਚਾਰ ਹੈ। ਜਦੋਂ ਬੰਦਾ ਬਦਲਦਾ ਹੈ ਤਾਂ ਉਸ ਦਾ ਸਰੀਰ ਨਹੀਂ ਬਦਲਦਾ। ਉਸ ਦੇ ਹੱਥ ਪੈਰ ਨਹੀਂ ਬਦਲਦੇ। ਉਸਦੇ ਸਿਰਫ਼ ਵਿਚਾਰ ਬਦਲਦੇ ਹਨ। ਵਿਚਾਰਾਂ ਦੇ ਬਦਲਣ ਨਾਲ ਬੰਦਾ ਬਦਲ ਜਾਂਦਾ ਹੈ।

ਤਸਵੀਰ ਉਮੀਦੋਂ ਕੀ ਆਇਨਾ ਮਲਾਲੋਂ ਕਾ॥
ਇਨਸਾਂ ਜਿਸੇ ਕਹਿਤੇ ਹੈ, ਮੁਹੱਸਰ ਹੈ ਖ਼ਿਆਲੋਂ ਕਾ॥

ਚੋ ਜਦ ਖ਼ਿਆਲ ਬਦਲ ਗਏ ਤਾਂ ਬੰਦਾ ਬਦਲ ਗਿਆ।

ਹਾਫ਼ਿਜ਼ ਇਕ ਦਿਨ ਰੱਬ ਨੂੰ ਯਾਦ ਕਰਦਾ ਰਿਹਾ। ਉਹਦੀ ਬੰਦਗੀ ਕਰਦਾ ਰਿਹਾ। ਸਿਮਰਨ ਕਰਦਾ ਕਰਦਾ ਬੜੀਆਂ ਨੇਕ ਵਿਚਾਰਾਂ ਵਿਚ ਲੀਨ ਹੋ ਗਿਆ। ਉਹ ਲਿਖਦਾ ਹੈ ਕਿ ਜਦ ਮੈਂ ਇਸ ਤਰ੍ਹਾਂ ਦੇ ਰੱਬੀ ਵਿਚਾਰਾਂ ਵਿਚ ਖੋਇਆ ਹੋਇਆ ਸੀ, ਤਾਂ ਪ੍ਰਮਾਤਮਾ ਦਾ ਹਰ ਵਿਚਾਰ ਮੈਨੂੰ ਸਕੂਨ ਦਈ ਜਾ ਰਿਹਾ ਸੀ। ਰਸ ਦੇਈ ਜਾ ਰਿਹਾ ਸੀ। ਸੰਸਾਰ ਦਾ ਤੁਸੀਂ ਕੋਈ ਵਿਚਾਰ ਕਰੋ, ਦੁਖ ਦੇਵੇਗਾ। ਜਗਤ ਵਿਚ ਸੁਖ ਨਹੀਂ। ਪ੍ਰਮਾਤਮਾ ਵਿਚ ਦੁੱਖ ਨਹੀਂ। ਸੂਰਜ ਵਿਚ ਅੰਧੇਰਾ ਨਹੀਂ। ਮਸਿਆ ਦੀ ਰਾਤ ਨੂੰ ਕੋਈ ਚਾਨਣਾ ਲੱਭਣਾ ਚਾਹੇ ਤਾਂ ਨਹੀਂ ਮਿਲੇਗਾ। ਪ੍ਰਮਾਤਮਾ ਵਿਚ ਦੁੱਖ ਨਹੀਂ। ਸੰਸਾਰ ਦੁੱਖ ਦਾ ਨਾਮ ਹੈ। ਨਿਰੰਕਾਰ ਸੁਖ ਦਾ ਨਾਮ ਹੈ। ਜੋ ਸੰਸਾਰ ਵਿਚ ਜਿੰਨਾ ਗਹਿਰਾ ਚਲਾ ਜਾਂਦੈ, ਉਤਨਾ ਹੀ ਦੁਖੀ ਹੋ ਜਾਂਦੈ। ਜੋ ਪ੍ਰਮਾਤਮਾ ਵਿਚ ਜਿੰਨਾ ਗਹਿਰਾ ਚਲਾ ਜਾਂਦੈ। ਉਤਨਾ ਹੀ ਉਹ ਸੁਖੀ ਹੋ ਜਾਂਦੈ।

ਹਾਫ਼ਿਜ਼ ਪ੍ਰਮਾਤਮਾ ਦੀ ਵਿਚਾਰ ਕਰਦਾ ਕਰਦਾ ਬੜਾ ਗਹਿਰਾ ਚਲਾ ਗਿਆ। ਇਨ੍ਹੂੰ ਅਲਹਾਮ ਹੋਇਆ। ਜਿਨੂੰ ਸੰਸਕ੍ਰਿਤ ਵਿਚ ਕਹਿੰਦੇ ਹਨ 'ਆਕਾਸ਼ ਬਾਣੀ'। ਅਰਬੀ ਵਿਚ ਕਹਿੰਦੇ ਨੇ 'ਅਲਹਾਮ' ਹੋਇਆ। ਗੁਰਮੱਤ ਉਸਨੂੰ ਕਹਿੰਦੀ ਐ, 'ਖਸਮ ਦੀ ਬਾਣੀ'। ਹਾਫਿਜ਼ ਨੂੰ ਅਲਹਾਮ ਹੋਇਆ। ਅਗੰਮੀ ਅਵਾਜ਼ ਆਈ। ਐ ਫ਼ਕੀਰ! ਅੱਜ ਤੇਰੇ ਤੇ ਬੜੇ ਖ਼ੁਸ਼ ਹਾਂ। ਤੂੰ ਕੁਝ ਮੰਗ ਲੈ। ਹਾਫ਼ਿਜ਼ ਨੇ ਜੋ ਮੰਗਿਆ ਉਹ ਇਹ ਹੈ —

ਮੰਕੁਦੇ ਦਾਰਜ਼ੀ ਪਾਫ਼ੰਮ ਖੁਦਦਾਰਾਂ,
ਕਿ ਦਾਹਮ ਬਿਸ਼ਰਤੇ ਖੁਸ਼ਬ ਖਿਆਲਮ॥

ਐ ਮੇਰੇ ਪਰਵਦਗਾਰ! ਜੇ ਦੇਣਾ ਹੀ ਹੈ ਤਾਂ ਜਿਨ੍ਹਾਂ ਖ਼ਿਆਲਾਂ ਵਿਚ ਮੈਂ ਖੋਇਆ ਹਾਂ। ਖੋਇਆ ਹੀ ਰਹਿਣ ਦੇ। ਮੈਨੂੰ ਤੋੜੀਂ ਨਾ। ਮੈਨੂੰ ਲੀਨ ਰਹਿਣ ਦੇ। ਬੜਾ ਸੁਖ ਮਿਲ ਰਿਹੈ। ਅਨੰਦ ਮਿਲ ਰਿਹੈ। ਹੋਰ ਕੁਝ ਨਹੀਂ ਚਾਹੀਦਾ। ਤੇਰੇ ਚੰਗੇ ਖ਼ਿਆਲ ਬੜੀ ਖ਼ੁਸ਼ੀ ਦੇ ਰਹੇ ਨੇ। ਬੜੀ ਐਸ਼ੋ ਇਸ਼ਰਤ ਦਾ ਜਨਮ ਹੈ। ਤੈਥੋਂ ਹੋਰ ਕੁਝ ਨਹੀਂ ਮੰਗਦਾ। ਮੈਨੂੰ ਇਨ੍ਹਾਂ ਖ਼ਿਆਲਾਂ ਨਾਲ ਜੁੜਿਆ ਹੀ ਰਹਿਣ ਦੇ। ਕਿਉਂਕਿ ਮੈਂ ਇਨ੍ਹਾਂ ਖ਼ਿਆਲਾਂ ਤੋਂ ਟੁਟਿਆ ਤਾਂ ਸਿਵਾਇ ਦੁਖ ਤੋਂ ਹੋਰ ਕੁਝ ਨਹੀਂ ਮਿਲਣਾ।

ਸਾਡੇ ਦੇਸ਼ ਦੇ ਆਲਮ ਕਹਿੰਦੇ ਹਨ। ਸਤਿਯੁਗ ਤੋਂ ਬਾਦ ਤ੍ਰੇਤਾ ਆਇਆ। ਤ੍ਰੇਤੇ ਤੋਂ ਬਾਦ ਦੁਆਪਰ ਤੇ ਦੁਆਪਰ ਤੋਂ ਬਾਦ ਕਲਿਯੁਗ। ਪਰ

ਗੁਰਦੇਵ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਨਹੀਂ –

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ...॥

ਹੇ ਪ੍ਰਭੂ! ਜਦ ਤੂੰ ਨਹੀਂ ਮਿਲਦਾ ਤਾਂ ਕਲਿਯੁਗ ਹੈ। ਜਦ ਤੂੰ ਮਿਲਿਆ ਰਹਿੰਦੈਂ ਤਾਂ ਸਤਿਯੁਗ ਬਣਿਆ ਰਹਿੰਦੈ। ਤੇਰਾ ਵਿਛੋੜਾ ਹੀ ਕਲਯੁਗ ਨੂੰ ਜਨਮ ਦੇਂਦੈ। ਤੈਥੋਂ ਟੁਟਣਾ ਹੀ ਕਲਿਯੁਗ ਦਾ ਜਨਮ ਹੈ। ਕਲੇਸ਼ ਦਾ ਜਨਮ ਹੈ।

ਉਸ ਬੰਦੇ ਨੂੰ ਰਾਜ਼ੀ ਕਰਨਾ ਬਹੁਤ ਔਖੈ, ਜੋ ਆਪਣੀ ਮੱਤ ਨਾਲ ਹੀ ਰਾਜ਼ੀ ਹੈ। ਇਸ ਵਾਸਤੇ ਬਹੁਤੇ ਬੰਦੇ ਗੁਰਦੁਆਰੇ ਆ ਕੇ ਵੀ ਠੀਕ ਨਹੀਂ ਹੁੰਦੇ। ਕਾਰਨ ਮਨਮਤ ਨਾਲ ਰਾਜ਼ੀ ਹਨ। ਕੁਰਹਿਤ ਨਾਲ ਰਾਜ਼ੀ ਨੇ। ਰਹਿਤ ਦਾ ਕੀ ਮਤਲਬ। ਰਹਿਤ ਦੀ ਤਾਂ ਸਿਰਫ਼ ਚਰਚਾ ਹੁੰਦੀ ਹੈ। ਗੁਰਦੁਆਰੇ ਵਿਚ ਉਹ ਤਾਂ ਸਿਰਫ਼ ਸੁਣਨੀ ਹੈ। ਧਾਰਨ ਤਾਂ ਕੁਰਹਿਤ ਕਰਨੀ ਹੈ। ਗੁਣਾਂ ਦੀ ਤਾਂ ਸਿਰਫ਼ ਚਰਚਾ ਕਰਨੀ ਹੈ। ਕੋਈ ਜ਼ਿੰਦਗੀ ਵਿਚ ਧਾਰਨ ਕਰਨ ਦੀ ਥੋੜੀ ਲੋੜ ਹੈ। ਪ੍ਰਮਾਤਮਾ ਦੀ ਸਿਰਫ਼ ਗੱਲ ਕਰਨੀ ਹੈ। ਉਸ ਨਾਲ ਅਸੀਂ ਸਬੰਧ ਨਹੀਂ ਜੋੜਦੇ। ਇਸ ਵਾਸਤੇ ਰੱਬ ਦੀ ਗੱਲ ਸਿਰਫ਼ ਬੰਦਾ ਸੁਣਦਾ ਹੈਂ। ਸੰਸਾਰ ਦੀ ਗੱਲ ਬੰਦਾ ਧਾਰਨ ਕਰਦੈ। ਕਦੀ ਬ-ਗੌਰ ਮੁਤਾਲਯ ਕਰਕੇ ਵੇਖਣਾ। ਅੰਮ੍ਰਿਤ ਦੀ ਗੱਲ ਬੰਦਾ ਸੁਣਦੈ। ਸ਼ਰਾਬ ਬੰਦਾ ਪੀਂਦੈ। ਸ਼ਰਾਬ ਦੀ ਬੰਦਾ ਗੱਲ ਤਾਂ ਕਿਸੇ ਕੋਲ ਕਰਦਾ ਸੁਣਦਾ ਨਹੀਂ। ਰਹਿਤ ਬਹਿਤ ਦੀ ਸਿਰਫ਼ ਗੱਲ ਕਰਦਾ ਸੁਣਦਾ ਹੈ। ਕੁਰਹਿਤ ਧਾਰਨ ਕਰਦਾ ਹੈ। ਧਾਰਨ ਕੁਝ ਹੋਰ ਕਰਦੈ, ਸੁਣਦਾ ਕੁਝ ਹੋਰ ਹੈ। ਇਸ ਦੇ ਧਾਰਨ ਕਰਨ ਦਾ ਢੰਗ ਹੋਰ ਹੈ।

ਮਨੋਵਿਗਿਆਨੀ ਕਹਿੰਦੇ ਹਨ ਕਿ ਜਿੰਨੇ ਹੱਥ ਦੀਆਂ ਹੱਥਕੜੀਆਂ ਨੂੰ ਗਹਿਣੇ ਸਮਝ ਲਿਆ ਹੈ। ਮੁਸ਼ਕਲ ਹੈ ਕਿ ਉਸ ਦੀਆਂ ਹੱਥਕੜੀਆਂ ਟੁਟਣ। ਜਿਹੜਾ ਬੀਮਾਰੀ ਨਾਲ ਹੀ ਰਾਜ਼ੀ ਹੋ ਗਿਆ ਹੈ। ਉਸ ਨੂੰ ਕਿਸ ਤਰ੍ਹਾਂ ਰਾਜ਼ੀ ਕਰੋਗੇ। ਜਿਹੜਾ ਬੀਮਾਰੀ ਨਾਲ ਹੀ ਸਹਿਮਤ ਹੋ ਗਿਐ। ਠੀਕ ਹੈ! ਇਹ ਤਾਂ ਰਹਿਣੀ ਹੈ। ਮੁਸ਼ਕਲ ਹੈ ਇਸ ਤਰ੍ਹਾਂ ਦੇ ਬੰਦੇ ਨੂੰ ਤੰਦਰੁਸਤ ਕਰ ਸਕੀਏ।

ਗੁਰਦੁਆਰੇ ਆਉਣਾ ਹੋਰ ਗੱਲ ਹੈ। ਗੁਰੂ ਤਕ ਪਹੁੰਚਣਾ ਹੋਰ ਗੱਲ ਹੈ। ਗੁਰੂ ਦਾ ਦਰ ਪ੍ਰਮਾਤਮਾ ਦੇ ਘਰ ਲੈ ਜਾਂਦਾ ਹੈ। ਇਹ ਦਰ, ਪ੍ਰਮਾਤਮਾ ਦੇ ਘਰ ਦਾ, ਦਰਵਾਜ਼ਾ ਹੈ।

ਭਗਤ ਕਬੀਰ ਕਹਿੰਦੇ ਹਨ। ਉਹ ਦਰ ਬੜਾ ਸੂਖਸ਼ਮ ਹੈ ਜਿਥੇ ਸੁਰਤ

ਨੇ ਲੰਘਣੈ। ਉਹ ਹੁਣ ਅੰਦਾਜ਼ਾ ਕਬੀਰ ਸਾਹਿਬ ਦਸਦੇ ਨੇ—

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥
ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥੫੮॥

(ਪੰਨਾ ੧੩੬੭)

ਰਾਈ ਦਾ ਦਾਨਾ, ਦਾਨਿਆਂ ਵਿਚੋਂ ਸਭ ਤੋਂ ਬਰੀਕ ਦਾਨਾ ਹੁੰਦੈ। ਬਾਜਰੇ ਤੋਂ ਵੀ ਛੋਟਾ ਹੈ। ਕਬੀਰ ਕਹਿੰਦੇ ਨੇ "ਮੁਕਤਿ ਦੁਆਰਾ ਸੰਕੁਰਾ" ਮੋਖਸ਼ ਦੁਆਰ ਤੰਗ ਹੈ। ਛੋਟਾ ਹੈ। ਸੂਖਸ਼ਮ ਹੈ। ਰਾਈ ਦੇ ਦਾਨੇ ਦਾ ਦਸਵਾਂ ਹਿੱਸਾ ਹੈ, ਸਿਰਫ਼ । ਇਹ ਹੁਣ ਨਾਪ ਤੋਲ ਕੇ ਥੋੜ੍ਹੀ ਗੱਲ ਦੱਸੀ ਹੈ। ਵਰਨਾ ਇਸ ਤੋਂ ਵੀ ਸੂਖਸ਼ਮ ਹੈ। ਉਦਾਹਰਨ ਦੇਣਾ ਸੀ। ਪ੍ਰਮਾਣ ਦੇਣਾ ਸੀ। ਕਬੀਰ ਜੀ ਨੂੰ ਮਜਬੂਰਨ ਇਹ ਪ੍ਰਮਾਣ ਦੇਣਾ ਪਿਆ। ਨਿਰੰਕਾਰ ਦੀ ਗੱਲ ਵੀ ਜੇ ਆਖਣੀ ਹੈ ਤਾਂ ਪ੍ਰਮਾਣ ਤਾਂ ਸੰਸਾਰ ਵਿਚੋਂ ਹੀ ਦੇਣਾ ਪਏਗਾ। ਨਿਰੰਕਾਰ ਦਾ ਤਾਂ ਕੋਈ ਪ੍ਰਮਾਣ ਹੈ ਹੀ ਨਹੀਂ। ਸ਼ਬਦ ਪ੍ਰਮਾਣ, ਦਲੀਲਾਂ, ਸੰਸਾਰ ਵਿਚੋਂ ਇਕੱਠੀਆਂ ਕਰਕੇ, ਪ੍ਰਮਾਤਮਾ ਤਕ ਪਹੁੰਚਣ ਦਾ ਜਤਨ ਕਰਦੇ ਰਹੇ ਨੇ ਭਗਤ ਜਨ। ਸੋ ਉਹ ਮੋਖਸ਼ ਦੁਆਰ ਰਾਈ ਦੇ ਦਾਨੇ ਦਾ ਦਸਵਾਂ ਹਿਸੈ। ਬਹੁਤ ਸੂਖਸ਼ਮ ਹੈ।

ਪਰ —

ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥

ਬੰਦੇ ਦਾ ਮਨ ਹਾਥੀ ਹੈ। ਦਰਵਾਜ਼ਾ, ਰਾਈ ਦਾ ਦਸਵਾਂ ਹਿੱਸਾ, ਮਨ ਤੋਂ ਮੁਰਾਦ ਅਕਲ। ਅਕਲ ਬੰਦੇ ਦੀ ਬੜੀ ਮੋਟੀ ਹੈ। ਕਿੰਨੀ ਕੁ ਮੋਟੀ ਹੈ, ਜਿਵੇਂ ਹਾਥੀ ਮੋਟਾ ਹੈ। ਪੰਜਾਬ ਵਿਚ ਜਿਹਦੀ ਅਕਲ ਮੋਟੀ ਹੋਵੇ, ਲੋਕ, ਇੰਝ ਕਹਿੰਦੇ ਨੇ ਪਈ ਤੇਰੀ ਅਕਲ ਹੈ ਕਿ ਮੱਝ ਹੈ। ਉਤਰੀ ਭਾਰਤ ਵਿਚ ਲੋਕ ਕਹਿੰਦੇ ਸਨ ਇਹਦੀ ਤੇ ਅਕਲ ਹਾਥੀ ਦੀ ਤਰ੍ਹਾਂ ਹੈ। ਭਾਵ ਬੜੀ ਮੋਟੀ ਅਕਲ ਦਾ ਬੰਦੈ। ਗੁਰਦੁਆਰੇ ਵਿਚ ਲੋਕਾਂ ਨੂੰ ਰਸ ਇਸ ਵਾਸਤੇ ਨਹੀਂ ਆਉਂਦਾ। ਕਿਉਂਕਿ ਰੱਬ ਦੀ ਗੱਲ ਬੜੀ ਸੂਖਸ਼ਮ ਹੈ। ਅਕਲ ਬੜੀ ਮੋਟੀ ਹੈ। ਤਾਲ ਮੇਲ ਨਹੀਂ ਬੈਠਦਾ। ਬਾਣੀ ਬੜੀ ਸੂਖਸ਼ਮ ਹੈ।

ਭਾਵੇਂ ਧਨ ਅੰਨ ਤੇ ਰਿਜ਼ਕ ਹੋਵੇ ਜਾਂ ਪ੍ਰਵਾਰ ਦਾ ਮੋਹ ਹੋਵੇ। ਉਹ ਬੰਧਨ ਹੀ ਹੋਵੇਗਾ ਅਤੇ ਜਨਮ ਮਰਨ ਦਾ ਕਾਰਨ ਬਣੇਗਾ ਹੀ।

ਮਮਤਾ ਦਾ ਬੰਧਨ ਮਨ ਨੂੰ ਇੰਜ ਵਿਆਪਦਾ ਹੈ ਜਿਵੇਂ ਕੋਈ ਚਲਾਕ

ਡਾਕੂ ਕਿਸੇ ਅਬਲਾ ਨੂੰ ਅਗਵਾ ਕਰਨ ਲਈ। ਉਸ ਅਬਲਾ ਦਾ ਮਾਸੂਮ ਬੱਚਾ ਚੁਕ ਲਏ। ਬੱਚਾ ਚੁੱਕ ਕੇ ਕਹੇ ਕਿ ਤੂੰ ਮੇਰੇ ਪਿਛੇ ਪਿਛੇ ਤੁਰੀ ਆ! ਵਰਨਾ! ਤੇਰੇ ਬੱਚੇ ਨੂੰ ਮਾਰ ਦਿਆਂਗਾ। ਉਹ ਮਮਤਾ ਦੀ ਮਾਰੀ ਹੋਈ ਅਬਲਾ ਇਸਤਰੀ ਉਸ ਡਾਕੂ ਦੇ ਮਗਰ ਤੁਰੀ ਜਾਵੇਗੀ। ਹਾਲਾਂ ਕਿ ਉਹ ਜਾਣਦੀ ਹੈ ਕਿ ਮਗਰ ਗਿਆਂ ਵੀ ਮੇਰੀ ਇੱਜ਼ਤ ਅਤੇ ਬੱਚੇ ਦੀ ਜਾਨ ਨੂੰ ਖ਼ਤਰਾ ਹੀ ਹੈ। ਪਰ ਸ਼ਾਇਦ। ਇਹ ਸ਼ਾਇਦ ਹੀ ਇਸ ਅਬਲਾ ਨੂੰ ਡਾਕੂ ਦੇ ਪਿਛੇ ਜਾਣ ਲਈ ਮਜਬੂਰ ਕਰੀ ਜਾਂਦੀ ਹੈ।

ਜੀਵਾਤਮਾ ਇਕ ਅਬਲਾ ਹੈ। ਅਬਲਾ ਦਾ ਭਾਵ ਹੀ ਇਹ ਹੁੰਦਾ ਹੈ ਕਿ ਜਿਸ ਵਿੱਚ ਬਲ ਨਹੀਂ ਹੈ। ਸਾਡੇ ਦੇਸ਼ ਵਿੱਚ ਇਸਤਰੀ ਨੂੰ ਅਬਲਾ ਆਖਿਆ ਜਾਂਦਾ ਹੈ। ਜਿਸ ਕੋਲ ਕੋਈ ਤਾਕਤ ਨਹੀਂ। ਇਸਤਰੀ ਕੋਲ ਕੁਦਰਤੀ ਤੌਰ ਤੇ ਸਰੀਰਕ ਬਲ ਘਟ ਹੈ। ਖ਼ਾਸ ਤੌਰ ਤੇ ਪੁਰਸ਼ ਦੇ ਸਾਹਮਣੇ ਇਸਤਰੀ ਅਬਲਾ ਹੈ। ਜੇ ਸਰੀਰਕ ਬਲ ਤੇ ਪੁਰਸ਼ ਨਾਲ ਇਸਤਰੀ ਦੀ ਲੜਾਈ ਹੋਵੇ ਤਾਂ ਇਸਤਰੀ ਹਾਰ ਜਾਏਗੀ। ਪੁਰਸ਼ ਦਾ ਮੁਕਾਬਲਾ ਨਹੀਂ ਕਰ ਸਕੇਗੀ। ਇਸੇ ਵਾਸਤੇ ਸਮੁੱਚੀ ਦੁਨੀਆਂ ਦੀ ਆਰਮੀ ਵਿਚ ਇਸਤਰੀ ਨੂੰ ਮੈਦਾਨ-ਏ-ਜੰਗ ਵਿਚ ਨਹੀਂ ਭੇਜਿਆ ਜਾਂਦਾ। ਮੈਦਾਨ-ਏ-ਜੰਗ ਵਿਚ ਸਿਰਫ਼ ਮਰਦ ਫੌਜੀ ਭੇਜੇ ਜਾਂਦੇ ਹਨ।

ਇਤਿਹਾਸਕ ਘਟਨਾ ਇਹ ਬੜੀ ਪ੍ਰਸਿੱਧ ਹੈ ਕਿ ਜਦੋਂ ਕੁਝ ਸਿੰਘ ਸਿਪਾਹੀ ਅਨੰਦਪੁਰ ਸਾਹਿਬ ਦੇ ਜੰਗ ਵਿੱਚ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੂੰ ਬੇ-ਦਾਵ੍ਹਾ ਲਿਖ ਕੇ ਦੇ ਆਏ ਸਨ। ਤਾਂ ਉਨ੍ਹਾਂ ਨੂੰ ਜੋ ਤਾਹਨੇ ਮੇਹਨੇ ਇਸਤ੍ਰੀਆਂ ਵੱਲੋਂ ਦਿੱਤੇ ਗਏ। ਉਹ ਵੀ ਇਸੇ ਸ਼ਬਦ ਦੇ ਅਰਥ ਵਿੱਚ ਸਨ ਕਿ ਇਸਤਰੀ ਤਾਂ ਅਬਲਾ ਹੈ। ਜੇਕਰ ਮਰਦ ਵੀ ਮੌਤ ਕੋਲੋਂ ਡਰਦਾ ਹੋਇਆ ਮੈਦਾਨ ਛਡ ਕੇ ਭੱਜ ਜਾਵੇ ਤਾਂ ਉਹ ਵੀ ਇਸਤਰੀ ਹੈ। ਉਨ੍ਹਾਂ ਸਾਰੇ ਬੇ-ਦਾਵ੍ਹਾ ਲਿਖਣ ਵਾਲੇ ਸਿੰਘਾਂ ਨੂੰ ਇਹ ਕਿਹਾ ਗਿਆ ਕਿ ਤੁਸੀਂ ਵੰਗਾਂ (ਚੂੜੀਆਂ) ਪਾ ਕੇ ਘਰ ਬੈਠੋ। ਰੋਟੀਆਂ ਪਕਾਵੋ। ਮੈਦਾਨ-ਏ-ਜੰਗ ਵਿਚ ਅਸੀਂ ਜਾਂਦੀਆਂ ਹਾਂ। ਇਸ ਪਿੱਛੇ ਸਾਰੀ ਸੋਚ ਇਹੀ ਹੈ ਕਿ ਔਰਤ ਅਬਲਾ ਹੈ। ਬਲਹੀਣ ਹੈ।

ਅਧਿਆਤਮਕ ਦੁਨੀਆਂ ਵਿਚ ਜੀਵਾਤਮਾ ਨੂੰ ਇਕ ਅਬਲਾ ਔਰਤ ਦੀ ਤਰ੍ਹਾਂ ਮੰਨਿਆ ਗਿਆ ਹੈ। ਮੋਹ ਬੜਾ ਬਲਵਾਨ ਡਾਕੂ ਹੈ। ਮੋਹ ਦੇ ਖਿਲਾਰੇ ਹੋਏ ਜਾਲ ਵਿਚ ਫਸੀ ਹੈ।

ਦਰਅਸਲ ਮਨ ਜੋਤ ਸਰੂਪ ਹੈ। ਪਰ ਜਿਵੇਂ ਲਾਲਟੈਣ ਦੀ ਚਿਮਨੀ ਕਾਲਖ ਨਾਲ ਕਾਲੀ ਹੋ ਜਾਂਦੀ ਹੈ, ਫਿਰ ਰੋਸ਼ਨੀ ਬਾਹਰ ਨਹੀਂ ਆਉਂਦੀ। ਬੱਤੀ ਵੀ ਪੂਰੀ ਬਲ ਰਹੀ ਹੁੰਦੀ ਹੈ। ਤੇਲ ਵੀ ਪੂਰਾ ਜਲਦਾ ਹੈ। ਪਰ ਪ੍ਰਕਾਸ਼ ਬਾਹਰ ਨਹੀਂ ਆਉਂਦਾ। ਇਹੀ ਹਾਲਤ ਮਨ ਦੀ ਹੈ। ਮੂਲ਼ ਰੂਪ ਵਿਚ ਮਨ ਦੇ ਅੰਦਰ ਪ੍ਰਕਾਸ਼ ਹੈ। ਪੂਰਨ ਤੌਰ ਤੇ ਰੌਸ਼ਨ ਹੈ। ਪਰ ਸੰਸਕਾਰਾਂ ਦੀ ਗਰਦ ਮਨ ਉੱਪਰ ਜੰਮੀ ਪਈ ਹੈ। ਮਨ ਨੂੰ ਸੰਸਾਰ ਦੀ ਖਿੱਚ ਤਾਂ ਹੈ, ਪਰ ਕਰਤਾਰ ਦੀ ਨਹੀਂ। ਇਸ ਦਾ ਕਾਰਨ ਹੈ ਕਿ ਸੰਸਾਰ ਦੇ ਸੰਸਕਾਰ ਜ਼ਿਆਦਾ ਪ੍ਰਬਲ ਹਨ, ਪਰ ਕਰਤਾਰ ਅਦ੍ਰਿਸ਼ ਸ਼ਕਤੀ ਹੈ। ਇਸ ਕਰਕੇ ਜੀਵਾਤਮਾ ਸੰਸਾਰ ਦਾ ਪ੍ਰਭਾਵ ਜ਼ਿਆਦਾ ਕਬੂਲਦੀ ਹੈ। ਮਨ ਨੂੰ ਸੰਸਾਰ ਦੀ ਜ਼ਿਆਦਾ ਖਿੱਚ ਹੈ। ਗੁਰੂ ਅਮਰਦਾਸ ਨੇ ਇਹ ਵਿਚਾਰ ਬੜਾ ਸੁੰਦਰ ਬਿਆਨਿਆ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥

(ਪੰਨਾ ੪੪੧)

ਭਾਵ ਕਿ ਹੇ ਮਨ! ਪ੍ਰਮਾਤਮਾ ਤੇਰੇ ਨਾਲ ਹੀ ਆਤਮ ਸਰੂਪ ਹੋ ਕੇ ਵੱਸ ਰਿਹਾ ਹੈ। ਗੁਰੂ ਮਤ ਦੁਆਰਾ ਤੂੰ ਪ੍ਰਮਾਤਮਾ ਦੇ ਰੰਗ ਰਸ ਨੂੰ ਮਾਣ ਸਕਦਾ ਹੈਂ। ਜੇ ਤੈਨੂੰ ਆਪਣੇ ਮੂਲ ਸਰੂਪ ਦੀ ਸਮਝ ਆ ਗਈ ਤਾਂ –

ਮੂਲੁ ਪਛਾਣਹਿ ਤਾਂ ਸਹੁ ਜਾਣਹਿ
ਮਰਣ ਜੀਵਣ ਕੀ ਸੋਝੀ ਹੋਈ॥ *(ਪੰਨਾ ੪੪੧)*